GMGIP (Pub. Unit), Sant.—S7—4LNL/80—20-8-80—250,000.

੧ ੴ ਸਤਿਗੁਰਪ੍ਰਸਾਦਿ

ਕਿੱਸਾ

ਲਾਮ ਈਰਾਨ ਦਾ

ਕ੍ਰਿਤ ਕਵਿ

ਦਫੇਦਾਰ ਮੀਤਾ ਸਿੰਘ

ਭੁਰਨ ਕਲਾਂ, ਜ਼ਿਲਾ ਅੰਮ੍ਰਿਤਸਰ ੩੯ ਸੈਂਟ੍ਰਲ ਇੰਡੀਆ ਹਾਰਸ, ਛਾਵਨੀ ਅਗਰ ਗੁਨਾ.

ਜਿਸਨੂੰ

ਸੁਵਾਰ ਉੱਤਮ ਸਿੰਘ

ਹੁਸ਼ਿਆਰੇ ਵਾਲੇ ਨੇ ਛਪਵਾਯਾ.

ਦਸੰਬਰ ੧੯੧੩

ਭਾਈ ਅਮਰ ਸਿੰਘ, ਮੈਨੇਜਰ ਨੇ ਆਪਣੇ ਸੈਂਤਲ ਪ੍ਰੈਸ,
ਅਨਾਰਕਲੀ, ਲਾਹੌਰ ਵਿੱਚ ਛਾਪ ਕੇ
ਪ੍ਰਕਾਸ਼ਿਤ ਕੀਤਾ.

ਪਹਿਲੀ ਵਾਰ ੧੦੦੦ ਮੁੱਲ ਪੰਜ ਆਨੇ

ਇਨਾਮੀ ਪੁਸਤਕਾਂ ਜੋ ਖਾਸ ਪੜ੍ਹੋ !

ਜੀਵਨ ਬ੍ਰਿਤਾਂਤ ਸ੍ਰਦਾਰ ਹਰੀਸਿੰਘ ਨਲੂਆ ।॥) ਲਛਮੀ ਯਾਂ ਛੋਟੀ ਨੂੰਹ ੧) ਘਰ ਦਾ ਨਿਰਬਾਹ ਸੱਤੇ ਹਿਸੇ ੩॥) ਧਰਮਬੀਰ ਯਾਂ ਖਾਲਸਾ ਇਤਿਹਾਸ ਬਹੁਤ ਹੀ ਸੁਵਾਦਲੀ ਕਵਿਤਾ ਵਿਚ ਸਿਖਾਂ ਦੀਆਂ ਕੁਰਬਾਨੀਆਂ ਤੇ ਧਰਮਜੁੱਧ ਸਭ ਤੋਂ ਹਛੀ ਪੋਥੀ ।॥)ਜਲਸਾ ਦਿਲੀ ਦਰਬਾਰ ਕਵਿਤਾ ਵਿਚ–)॥ ਸੁਚੱਜੀ ਮਾਂ ॥)ਸੁਚੱਜੀ ਧੀ ॥)ਸੁਚੱਜੀ ਨੂੰਹ ॥) ਫੁਲਾਂ ਦੀ ਟੋਕ੍ਰੀ ॥) ਅਰੋਗਤਾ ਦਾ ਬੀਮਾ ।) ਹਾਸੇ ਦਾ ਸਮੁੰਦ੍ਰ ।) ਹੀਰੇ ਦੀਆਂ ਕਣੀਆਂ ।=) ਜਿੰਦਗੀ ਭੋਗਣ ਦੀ ਜੁਗਤੀ ।) ਜੇਬੀ ਹਕੀਮ ।) ਗੁਰਮਤ ਦਰਪਣ ।–) ਕੁਲਵੰਤ ਕੌਰ ।=) ਦੇਸ਼ ਦਿਮਨਾ ਤੇ ਉਧੇਲੋ ।) ਚਾਲ ਰੀਤ ਗਈ –) ਮਹਾਂ ਮਾਰੀ ਦਮਨ ਪਲੇਗ ਦੇ ਸਬਬ ਤੇ ਇਲਾਜ ।–) ਕਾਰੀਗਰ ਯਾਂ ਗਿਲਟ ਬਨਾਉਂਨ ਦੇ ਤ੍ਰੀਕੇ ।) ਬਾਲ ਚਕਿਤਸਾ ਯਾਂ ਬਾਲਾਂ ਦੇ ਰੋਗਾਂ ਦੇ ਇਲਾਜ ·)॥ ਰੋਮਨ ਗੁਰਮੁਖੀ ਦੀ ਪਹਿਲੀ ਪੋਥੀ ।) ਜੀਵਨ ਬੂਟੀ ਬੜਾ ਖੂਬਸੂਰਤ ਕਿਤਾ ਤਸਵੀਰਾਂ ਦਾ ਰੰਗਾਮੇਜ਼ੀ ।) ਤ੍ਰੱਕੀ ਦਾ ਭੇਦ –) ਫਤਹਸਿੰਘ ਖੁਫੀਆ ਪੁਲਸ ਦਾ ਨਾਵਲ ।)ਖਾਲਸਾ ਮਤ ਹੁਲਾਸ ਸੁੰਦ੍ਰ ਕਵਿਤਾ ।–)

ਏਨ੍ਹਾਂ ਤੋਂ ਬਿਨਾ ਹੋਰ ਸਬ ਤਰਾਂ ਦੀਆਂ ਕਿਤਾਬਾਂ ਕੰਘੇ, ਕੜੇ, ਘੜੀਆਂ ਵਗੈਰਾ ਸਬ ਚੀਜ਼ਾਂ ਬੜੀ ਰਿਆਇਤ ਨਾਲ ਭੇਜਦੇ ਹਾਂ

ਪਤਾ ☞ ਭਾਈ ਅਮਰ ਸਿੰਘ, ਮੈਨੇਜਰ

ਮੌਡਲ ਪ੍ਰੈਸ, ਅਨਾਰਕਲੀ, ਲਾਹੌਰ.

੧ ੳ ਸਤਿਗੁਰਪ੍ਰਸਾਦਿ.

ਕਿੱਸਾ

ਲਾਮ ਈਰਾਨ ਦਾ

ਕ੍ਰਿਤ ਕਵਿ

ਦਫੇਦਾਰ ਸੰਤਾ ਸਿੰਘ

ਭਕਨਾਂ ਕਲਾਂ, ਜ਼ਿਲਾ ਅੰਮ੍ਰਿਤਸਰ

੩੯ ਸੈਂਟ੍ਰਲ ਇੰਡੀਆ ਹਾਰਸ,

ਛਾਵਣੀ ਅਗਰ ਗੂੰਨਾ.

ਜਿਸਨੂੰ

ਸਵਾਰ ਉਤਮ ਸਿੰਘ

ਹੁਸ਼ਿਆਰੇ ਵਾਲੇ ਨੇ ਛਪਵਾਯਾ.

ਭਾਈ ਅਮਰ ਸਿੰਘ, ਮੈਨੇਜਰ ਨੇ ਆਪਣੇ ਮੌਡਲਪ੍ਰੈਸ, ਅਨਾਰਕਲੀ, ਲਾਹੌਰ ਵਿੱਚ ਛਾਪਕੇ ਪ੍ਰਕਾਸ਼ਿਤ ਕੀਤਾ.

ਪਹਿਲੀ ਵਾਰ

ੴਸਤਿਗੁਰਪ੍ਰਸਾਦਿ॥

ਦੋਹਰਾ—ਐਸੇ ਗੁਰਮਹਾਰਾਜ ਕੋ ਮੈਂ ਸਿਮਰੂੰ ਦਿਨ ਰੈਨ।
ਆਗਿਆ ਗੁਰਾਂ ਦੀ ਪਾਇਕੇ ਕਿਸਾ ਲਗਾ ਕਹਿਨ॥
ਕੋਰੜਾ ਛੰਦ॥ ਜਿਨਾ ਲੜ ਫੜੇ ਪਾਰ ਹੈ ਉਤਾਰਿਆ। ਗੁਰੂ ਜੀ ਗੋਬਿੰਦ ਸਿੰਘ ਜਗ ਤਾਰਿਆ। ਪਹਿਲਾਂ ਗੁਰੂ ਆਪਨੇ ਨੂੰ ਹਾਂ ਧਿਆਂਵਦਾ। ਫੇਰ ਹਥ ਕਲਮ ਦੁਵਾਤ ਲਾਂਵਦਾ। ਮੇਰੇ ਜਹਿਆਂ ਪਾਪੀਆਂ ਦਾ ਕੰਮ ਧਾਰਿਆ। ਗੁਰੂ ਜੀ ਗੋਬਿੰਦ ਸਿੰਘ ਜਗ ਤਾਰਿਆ। ਸਧਨਾ ਕਸਾਈ ਤੁਸਾਂ ਦਿਤਾ ਤਾਰ ਜੀ। ਓਸੇ ਤਰਾਂ ਬੇੜਾ ਮੇਰਾ ਕਰੋ ਪਾਰ ਜੀ। ਆਸਰੇ ਤੁਹਾਡੇ ਦਿਲੋਂ ਸ਼ੌਕ ਧਾਰਿਆ। ਗੁਰੂ ਜੀ ਗੋਬਿੰਦ ਸਿੰਘ ਜਗ ਤਾਰਿਆ। ਅਕਲ ਦਾ ਹੀਨਾ ਕਿਥੋਂ ਜੋੜਾਂ ਛੰਦ ਜੀ। ਦੋਸਤਾਂ ਸੁਵਾਲ ਪਾਕੇ ਕੀਤਾ ਤੰਗ ਜੀ। ਗੁਰਾਂ ਦੇ ਬਗੈਰ ਕੰਮ ਕਿਨ ਸਾਰਿਆਂ। ਗੁਰੂ ਜੀ ਗੋਬਿੰਦ ਸਿੰਘ ਜਗ ਤਾਰਿਆ। ਹਥ ਜੋੜ ਮੰਗਦਾ ਅਕਲ ਹੋਰਦੇ। ਜੋੜਨਾ ਹੈ ਜੰਗ ਜੀ ਜ਼ੁਬਾਨ ਤੋਰਦੇ। ਕਰਕੇ ਗੁਮਾਨ ਜੀ ਮੁਲਖ ਹਾਰਿਆ। ਗੁਰੂ ਜੀ ਗੋਬਿੰਦ ਸਿੰਘ ਜਗ ਤਾਰਿਆ। ਅੱਗੇ ਹਾਲ ਲਾਮ ਦਾ ਸਾਰਾ ਸੁਨਾਂਵਣਾ। ਜਿਸ ਤਰਾਂ ਮੁਲਖ ਈਰਾਨ ਜਾਂਵਣਾਂ। ਸੋਤਾ ਸਿੰਘ ਹਾਲ ਦਸਦੇ ਗੁਜ਼ਾਰਿਆ। ਗੁਰੂ ਜੀ ਗੋਬਿੰਦ ਸਿੰਘ ਜਗ ਤਾਰਿਆ॥

ਕਬਿਤ॥ ਸੋਹਣਾ ਹੈ ਤਲਾ ਦਰਬਾਰ ਵਿਚ ਸਜਦਾ ਹੈ ਦੇਖਲੋ ਨਜ਼ਾਰਾ ਜੀ ਅੰਮ੍ਰਿਤਸਰ ਜਾਇਕੇ। ਦੁਖੀਆਂ

ਦੇ ਦੁਖ ਜੀ ਤਮਾਮ ਦੂਰ ਹੋਂਵਦੇਨੇ ਵੇਖਲੋ ਨਸ਼ੰਗ ਦੁਖ ਭੰਜਨ ਬੇਰੀ ਨਹਾਇਕੇ ॥ ਡੇਉੜ੍ਹੀ ਦਰਬਾਰ ਉਤੇ ਸੋਨਾ ਖ਼ੂਬ ਸਜਦਾ ਹੈ ਆਵੇ ਨਾ ਯਕੀਨ ਜੀਨੂੰ ਅਖੀਂ ਦੇਖੋ ਜਾਇਕੇ ॥ ਸੈਤਾ ਸਿੰਘ ਯਾਰ ਹਾਲ ਹੋਰ ਵੀ ਸੁਨ੍ਹਾਂਵਦਾ ਹੈ ਹਾਲ ਦਰਵਾਜ਼ੇ ਰੇਲ ਖੜੀ ਹੋਵੇ ਜਾਇਕੇ ॥ ਬਘੀਆਂ ਤੇ ਯੱਕਿਆਂ ਦਾ ਆਵੇ ਨਾ ਸ਼ੁਮਾਰ ਕੋਈ ਲੈਂਦੇ ਨੇ ਕਰਾਇਆ ਘੰਟੇਘਰ ਜਾ ਉਤਾਰਦੇ ॥ ਅਗੇ ਹਲਵਾਈ ਤੇ ਦੁਕਾਨਦਾਰ ਫੜ ਲੈਂਹ ਦਸਦੇ ਨੇ ਜਗਾ ਵਿਚ ਬੈਠਕ ਉਤਾਰਦੇ ॥ ਕਰ ਅਸ਼ਨਾਨ ਜੀ ਤੂੰ ਇਕ ਮਨ ਚਿਤ ਹੋਕੇ ਲੈਕੇ ਪਰਸ਼ਾਦ ਦਰਬਾਰ ਸਾਹਿਬ ਚਾਹੜ ਦੇ ॥ ਸੈਤਾ ਸਿੰਘ ਯਾਰ ਤੂੰ ਖਿਆਲ ਏਥੇ ਛਡ-ਦੇ ਖਾਂ ਉਨਤਾਲੀ ਸੈਂਟਰਲ ਇੰਡੀਆ ਈਰਾਨ ਉਤੇ ਚਾਹੜ ਦੇ ॥ ਕਬਿੱਤ ॥ ਆਗਰ ਨੂੰ ਜਾਨ ਦਾ ਹੁਕਮ ਹੂਆ ਅਸਾਂ ਨੂੰ ਜੀ ਗੂੰਨਾ ਦਿਓ ਛਡ ਜੋ ਰਸਾਲਾ ਅਠੱਤੀ ਆਵਣਾਂ ॥ ਚੱਵੀ ਜੀ ਤਰੀਖ ਤਾਂ ਬੈਲ ਗਡੀ ਹੋਊ ਕੱਠੀ ਪੰਛੀ ਤਾਂ ਸਤੇਬ੍ਰ ਸਮਾਨ ਤੁਰ ਜਾਂਵਣਾਂ ॥ ਛੇ ਛੇ ਢੋਲੇ ਨੇ ਜੁਵਾਨ ਜੀ ਤੁਰਪ ਵਿਚੋਂ ਇਕ ਸਰਦਾਰ ਜੋ ਸਮਾਨ ਸਾਥ ਜਾਵਣਾਂ ॥ ਲੱਦਕੇ ਸਮਾਂਨ ਫੇਰ ਗਡਿਆਂ ਤਿਆਰ ਕਰੋ ਸੈਤਾ ਸਿੰਘ ਬਾਲ ਬਚਾ ਸਬ ਨੇ ਪੁਚਾਵਣਾਂ ॥ ਕੋਰੜਾ ਛੰਦ ॥ ਚਾਰ ਵਜੇ ਰੋਜ ਗਿਨਤੀ ਵਜਾਂਵਦੇ ॥ ਕੋਤ ਦਫੇਦਾਰ ਹੁਕਮ ਸੁਨਾਂਵਦੇ ॥ ਭੇਜ ਦਿਓ ਤੁਸੀਂ ਤਾਂ ਸਮਾਂਨ

ਅੱਜ ਜੀ ॥ ਕਿਸੇ ਬਾਤ ਦਾ ਨਾ ਤੁਸੀ ਕਰੋ ਪੰਜ ਜੀ ॥
ਦਫੇਦਾਰ ਸਾਰੇ ਗਡੀਆਂ ਲਿਖਾਂਵਦੇ ॥ ਕੋਤ ਦਫੇਦਾਰ
ਹੁਕਮ ਸੁਨਾਂਵਦੇ ॥ ਬਰਦੀਆਂ ਜਰੂਰ ਦੋਨੋ ਲਿਓ ਰਖ
ਜੀ ॥ ਇਸ ਬਾਤ ਵਿਚ ਕੋਈ ਨਹੀਂ ਸ਼ਕ ਜੀ ॥
ਫਾਲਤੂ ਸਮਾਂਨ ਬਿਲਟੀ ਕਰਾਂਵਦੇ ॥ ਕੋਤ ਦਫੇਦਾਰ
ਹੁਕਮ ਸੁਨਾਂਵਦੇ॥ ਪੰਜ ਜੀ ਤਰੀਖ ਨੂੰ ਹੈ ਕੂਚ ਕਰਨਾਂ॥
ਫੇਰ ਚਾਰ ਸਾਲ ਏਥੇ ਨਹੀਂ ਵੜਨਾਂ ॥ ਸਾਰੇ ਹੀ
ਜੁਵਾਨ ਪਏ ਜੋਰ ਲਾਂਵਦੇ ॥ ਕੋਤ ਦਫੇਦਾਰ ਹੁਕਮ
ਸੁਨਾਂਵਦੇ ॥ ਕਿਸੇ ਨਾ ਜੁਵਾਨ ਏਥੇ ਚੀਜ਼ ਰਖਣੀ ॥
ਖਚਰਾਂ ਦੀ ਲੈਂਣ ਸਬ ਜਾਊ ਸਖਣੀ ॥ ਦਿਲ ਵਿੱਚ
ਦੇਖੋ ਖੁਸ਼ੀਆਂ ਮਨਾਂਵਦੇ ॥ ਕੋਤ ਦਫੇਦਾਰ ਹੁਕਮ ਸੁਨਾਂ-
ਵਦੇ ॥ ਜਿਨਾਂ ਦਾ ਸੀ ਹਕ ਸੋ ਕੁਮਾਂਨ ਗਏ ਸੀ ॥
ਬਾਕੀ ਦੇ ਜੁਵਾਨ ਲੈਣ ਵਿਚ ਰਏ ਸੀ ॥ ਜਮਾਦਾਰ
ਸਾਬ ਵੀ ਜਵਾਨ ਜਾਂਵਦੇ ॥ ਕੋਤ ਦਫੇਦਾਰ ਹੁਕਮ
ਸੁਨਾਂਵਦੇ ॥ ਔਖਾ ਸਮਾਂਨ ਸਾਡਾ ਬੀਤ ਜਾਊਗਾ ।
ਰਬ ਤਾਂ ਸੁਖਬ ਫੇਰ ਚੈਰ ਲਾਊਗਾ ॥ ਸਭਾ ਸਿੰਘ
ਏਥੇ ਕੰਮ ਹੋਰ ਭਾਂਵਦੇ॥ ਕੋਤ ਦਫੇਦਾਰ ਹੁਕਮ ਸੁਨਾਂਵਦੇ।
ਦੋਹਰਾ॥ ਆਗਾਰ ਨੂੰ ਤੂੰ ਛਡ ਦੇ ਪਿਛਲਾ ਲਿਖ
ਹਵਾਲ ॥ ਕੀ ਕੀ ਹਾਲ ਸੀ ਗੁਜਰਿਆ ਪਿਛੇ ਫੌਜ
ਦੇ ਨਾਲ ॥ ਤਾਰਦਾ ਹਾਲ ਛੰਦ ॥ ਦੂਸਰੀ ਤਰੀਕ ਨੂੰ
ਜੀ ਤਾਰ ਆਈ ਸੀ ॥ ਪੋਲੋ ਬਟ ਬੰਦ ਸਾਹਿਬ ਨੇ
ਕਰਾਈ ਸੀ ॥ ਭਨੇ ਜਾਂਦ ਘੋੜਿਆਂ ਦੇ ਉਤੇ ਚੜਕੇ ॥

ਕਰਦੇ ਦਲੀਲ ਬੰਗਲੇ ਚਿਵੜਕੇ ॥ ਫੜੀਆਂ ਕਤਾਬਾਂ
ਦਿਲ ਸੋਚ ਆਈ ਸੀ ॥ ਦੂਸਰੀ ਤਰੀਕ ਨੂੰ ਜੀ ਤਾਰ
ਆਈ ਸੀ । ਭੇਜਿਆ ਹੁਕਮ ਬਹਿਰੇ ਨੂੰ ਸੁਨਾਇਕੇ ।
ਜੋੜਾ ਕੰਮ ਸਾਹਿਬ ਸੁਥੇ ਦੇਖੂ ਆਇਕੇ । ਲਾਮ ਜੀ
ਈਰਾਨ ਕਰਤਾਰ ਲਾਈ ਸੀ । ਦੂਸਰੀ ਤਰੀਕ ਨੂੰ
ਜੀ ਤਾਰ ਆਈ ਸੀ । ਘੋੜੇ ਟਟੂ ਸਾਹਿਬ ਸੀ ਪਰੇਟ
ਦੇਖਦਾ । ਕੋਈ ਨਾ ਸ਼ਰੀਕ ਜੋ ਕਿਸੇ ਦੇ ਲੇਖ ਦਾ ।
ਸੁਲਕੇ ਤਾਂ ਲਾਂਮ ਲੋਕਾਂ ਦਿਠੀ ਪਾਈ ਸੀ । ਦੂਸਰੀ
ਤਰੀਕ ਨੂੰ ਜੀ ਤਾਰ ਆਈ ਸੀ । ਛਾਂਟ ਕੇ ਜੁਵਾਨ
ਬੰਗਲੇਨੂੰ ਜਾਂਵਦੇ । ਝਟਪਟ ਜਾਇਕੇ ਸਾਮਾਨ ਸਾਂਭਦੇ
ਕਈਆਂ ਤਾਂ ਜੁਵਾਨਾਂ ਤਾਈਂ ਲਾਲੀ ਆਈ ਸੀ ।
ਦੂਸਰੀ ਤਰੀਕ ਨੂੰ ਜੀ ਤਾਰ ਆਈ ਸੀ । ਅਕ ਗਏ
ਜੁਵਾਨ ਲਾਂਮ ਨਹੀਂ ਜਾਂਵਦੇ । ਰੋਜ ਜੀ ਪਰੇਟ ਦੇਖ
ਜਾਨ ਖਾਂਵਦੇ । ਗਵਰਮਿੰਟ ਧਾਰੋ ਕਰਨੀ ਲੜ੍ਹਾਈ ਸੀ ।
ਦੂਸਰੀ ਤਰੀਕ ਨੂੰ ਜੀ ਤਾਰ ਆਈ ਸੀ । ਹੋਰ ਦੂਜੀ
ਤਾਰ ਮਊ ਵਿਚੋਂ ਆਈ ਜੀ । ਮੁਲਕ ਈਰਾਨ ਨੂੰ
ਕਰੋ ਚੜ੍ਹਾਈ ਜੀ । ਡੀਪੂ ਦੇ ਵੀ ਲਿਖ ਕੇ ਅਲੱਗ
ਕਰਣੇ । ਛਾਂਟਕੇ ਜੁਵਾਨ ਜੀ ਤਿਆਰ ਕਰਨੇ । ਦੂਸਰੇ
ਹੁਕਮ ਤਾਂਈਂ ਰੋਕ ਰਖਣੀ । ਚੂੰਨੇ ਦੀ ਛਾਉਣੀ ਨਾ
ਕਰੋ ਜੀ ਸਖਣੀ । ਘੋੜੇ ਟੱਟੂ ਸਾਰੇ ਮਜ਼ਬੂਤ ਖੜਣੇ ।
ਛਾਂਟਕੇ ਜੁਵਾਨ ਜੀ ਤਿਆਰ ਕਰਨੇ । ਪੰਦਰਾਂ ਤਰੀਕ
ਨੂੰ ਰਸਾਲਾ ਆਵਣਾ । ਸਾਡਾ ਕੰਪ ਪਾਸ ਸੰਗਵਾਸੇ

ਪਾਂਵਨਾ। ਡਾਕਦਾਰ ਸਾਹਿਬ ਜੀ ਮੁਲਾਜੇ ਕਰਨੇ।
ਡਾਂਟਕੇ ਜੁਵਾਨ ਜੀ ਤਿਆਰ ਕਰਨੇ॥ ਤੇਰਾਂ ਜੀ ਤ੍ਰੀਕ
ਨੂੰ ਤਾਂ ਪੱਕ ਹੋਇਆ ਸੀ। ਚੌਦਾਂ ਨੂੰ ਸਾਮਾਨ ਸੰਗਵਾਸੇ
ਹੋਇਆ ਸੀ। ਰਬ ਦੁਖ ਪਾਏ ਫੇਰ ਪਏ ਜਰਨੇ।
ਛਾਂਟਕੇ ਜੁਵਾਨ ਜੀ ਤਿਆਰ ਕਰਨੇ॥ਸੰਗਵਾਸੇ ਪਾਸ ਜਾ
ਕੇ ਫੌਜ ਸਾਰੀ ਪਾਈਸੀ। ਤਾਲ ਪਾਸ ਜਗਾ ਜੀ ਪਸੰਦ
ਆਈ ਸੀ। ਛਾਉਣੀ ਵਿਚ ਫੇਰ ਨਾ ਜੁਵਾਨ ਵੜਨੇ।
ਛਾਂਟਕੇ ਜੁਵਾਨ ਜੀ ਤਿਆਰ ਕਰਨੇ॥ ਏਜੰਟ ਸਾਹਬ
ਵਲ ਇਕ ਤਾਰ ਪਾਈ ਜੀ। ਗਾਰਡ ਦੇ ਸਾਮਾਨ ਦੇਖ
ਲੌ ਸਫਾਈ ਜੀ। ਭੇਜਿਆ ਹੁਕਮ ਜੇੜ੍ਹੇ ਸਾਬ ਖੜਨੇ।
ਛਾਂਟਕੇ ਜੁਵਾਨ ਜੀ ਤਿਆਰ ਕਰਨੇ। ਝਾਂਸੀ ਵਲ ਦਫੇ
ਦਾਰ ਦਿਤਾ ਘਲ ਜੀ। ਲੈਕੇ ਜਾਂ ਸਾਮਾਨ ਫੇਰ ਆਇ
ਕਲ ਜੀ। ਬੈਨੇ ਤਾਂ ਬਨਾਏ ਗੱਨੇ ਭੂਸਾ ਧਰਨੇ। ਛਾਂਟ
ਕੇ ਜੁਵਾਨ ਜੀ ਤਿਆਰ ਕਰਣੇ। ਜਿਥੇ ਜਿਥੇ ਗਾਟ
ਓਥੇ ਤਾਰ ਘਲਣੀ। ਫੌਜ ਆਪਣੀ ਜੀ ਹੈ ਈਰਾਨ
ਚਲਣੀ। ਸੋਲਾਂ ਜੀ ਤਰੀਕ ਡੀਪੂ ਦਿਓ ਤੋੜ ਜੀ।
ਰਖ ਲੋ ਸਾਮਾਨ ਜੀਦੀ ਹੈਗੀ ਲੋੜ ਜੀ। ਸਤਾਰਾਂ
ਤ੍ਰੀਕ ਰੇਲ ਉਤੇ ਚੜ੍ਹਨੇ। ਛਾਂਟਕੇ ਜੁਵਾਨ ਜੀ ਤਿਆਰ
ਕਰਨੇ। ਮੰਤਾ ਸਿੰਘ ਬਹੁਤ ਝੇੜਾ ਏਥੇ ਛਡ ਦੇ। ਫੌਜ
ਆਪਣੀ ਤੂੰ ਦੇਸ ਵਿਚੋਂ ਕੱਢ ਦੇ॥ ਅਗੇ ਜੀ ਕਬਿਤ
ਮੈਂ ਤਿਆਰ ਕਰਣੇ। ਛਾਂਟ ਕੇ ਜੁਵਾਨ ਜੀ ਤਿਆਰ
ਕਰਨੇ॥

ਘੋੜੇ ਚੜ੍ਹਾਨ ਦਾ ਹਾਲ

ਕਬਿੱਤ ॥ ਹੋਈ ਸਤਰਾਂ ਤਰੀਕ ਗੁੰਨੇ ਟੈਂਮ ਆਈ ਠੀਕ ਸੀਟੀ ਮਾਰਦੀ ਨਜ਼ੀਕ ਘੰਟੀ ਬਾਬੂ ਨੇ ਵਜਾਈ ਸੀ ॥ ਬਾਬੂ ਉਠਿਆ ਸ਼ਤਾਬ ਆਇਆ ਗਡੀਆਂ ਦੇ ਪਾਸ ਫੇਰ ਵੇਖ ਕੇ ਜੀ ਸਾਫ਼ ਖ਼ਬਰ ਕੈਂਪ ਮੇਂ ਪੁਚਾਈ ਸੀ ॥ ਹੋ ਜਲਦੀ ਤਿਆਰ ਅਸਾਂ ਚਲਣਾਂ ਸ਼ਤਾਬ ਅਜ ਚੜ੍ਹਨਾ ਜ਼ਰੂਰ ਖਬਰ ਫੌਜ ਮੇਂ ਸੁਨਾਈ ਸੀ। ਆਇਆ ਸੰਤਾ ਸਿੰਘ ਪਾਸ ਘੋੜੇ ਚਾੜ੍ਹਦੇ ਸ਼ਤਾਬ ਤਿੰਨ ਵਜਗੇ ਜ਼ਰੂਰ ਫੌਜ ਸਬ ਯਾਂ ਚੜ੍ਹਾਈ ਸੀ ॥

ਕਬਿਤ ॥ ਫੇਰ ਲੱਦਿਆ ਸਮਾਨ ਵਿਚ ਗਡੀਆਂ ਦੇ ਆਮ ਹਥੀਂ ਆਪਣੀ ਜੁਵਾਨ ਫੇਰ ਲਦ ਬੈਠ ਜਾਂਵਦੇ। ਆਏ ਦੇਖਣੇ ਤੁਮਾਸ਼ਾ ਅਜ ਫੌਜ ਚੱਲੀ ਲਾਮ ਰਹੋਂ ਸੌਖੇਰਾ ਜੀ ਰਾਮ ਨਾਮ ਤੇਰਾ ਹਾਂ ਧਿਆਂਵਦੇ ॥ ਆਈਆਂ ਸਹੀਮਨੀਆਂ ਦੌੜ ਤਾਂ ਮਚਾਇਆ ਓਨਾ ਸ਼ੋਰ ਫੇਰ ਇੰਜਨ ਦਿਤਾ ਜੋੜ ਮਿਲ ਮਿਲ ਮੁੜ ਜਾਂਵਦੇ ॥ ਸੰਤਾ ਸਿੰਘ ਨੇ ਸੁਨਾਇਆ ਪਾਸ ਬਾਬੂ ਨੇ ਫੜਾਇਆ ਫੇਰ ਬਿਗਲ ਵਜਾਇਆ ਤਿੰਨ ਵਜੇ ਤੁਰ ਜਾਂਵਦੇ ॥ ਕਬਿੱਤ ॥ ਮਾਰੀ ਇੰਜਨ ਨੇ ਚੀਕ ਆਈਆਂ ਸਹੀਮਨੀਆਂ ਨਜ਼ੀਕ ਗਡੀ ਚਲਨੀਆਂ ਠੀਕ ਦੇਖ ਦੇਖ ਫੇਰ ਰੋਂਦੀਆਂ ॥ ਬਿਗਲ ਵਜਾਇਆ ਤਾਂ ਬਰਾਇਮਾ ਗਡੀ ਸਾਰੀਆਂ ਨੂੰ ਸਹੀਮਨੀਆਂ ਦੂਰ ਪਿਛੇ ਹਟਕੇ ਖਲੋਂਦੀਆਂ ॥ ਫਤੇ ਖਾਲਸੇ ਬੁਲਾਈ

ਗਡੀ ਤੂਰ ਚਲੀ ਭਾਈ ਟੇਮਾਂ ਲਾਂਮ ਨੂੰ ਜੋ ਚਲੀਆਂ ਸੋ
ਮੂਲਨਾਂ ਖਲੋਂਦੀਆਂ॥ ਸੰਤਾ ਸਿੰਘ ਕਹਿੰਦਾ ਮੀਤ ਲਾਂਮ
ਲਗ ਗਈ ਸੀ ਠੀਕ ਸਾਡੀ ਟੁਟ ਗਈ ਪਰੀਤ ਜ਼ਾਰ
ਜ਼ਾਰ ਪਈਆਂ ਰੋਂਦੀਆਂ॥

ਗੱਡੀਆਂ ਦਾ ਹਾਲ ਕੋਰੜਾ ਛੰਦ.

ਗਡੀਆਂ ਦੇ ਵਿੱਚ ਸਾਰੇ ਬੈਹ ਜਾਂਵਦੇ ॥ ਪਾਉਂਦੇ ਨੇ
ਗਿੱਦਾ ਨਾਲੇ ਵਾਜਾਂ ਲਾਂਵਦੇ ॥ ਗਡੀ ਹੋਈ ਖੜੀ ਬੀਨੇ
ਵਿਚ ਜਾਇਕੇ ॥ ਕੀਤੇ ਫੇਰ ਕਠੇ ਬਿਗਲ ਵਜਾਇਕੇ ॥
ਵਰਦੀਓਂ ਬਗੈਰ ਨਹੀਂ ਬਾਹਰ ਜਾਂਵਣਾਂ ॥ ਸਾਰਿਆਂ
ਜੁਵਾਨਾਂ ਨੂੰ ਹੁਕਮ ਸੁਨਾਂਵਣਾ ॥ ਜੇੜੇ ਸੀ ਸਟੇਸ਼ਨ ਤੇ
ਗਡੀ ਖੜਦੀ। ਦੁਨੀਆਂ ਤਮਾਮ ਸੀ ਫਿਕਰ ਕਰਦੀ।
ਪੀਜ਼ ਮਿੰਟ ਪਹਿਲਾਂ ਬਿਗਲ ਵਜਾਂਵਦੇ। ਗਡੀ ਨੂੰ
ਜੁਵਾਨ ਸਬ ਭਜ ਆਂਵਦੇ। ਹਰ ਜਗਾ ਕੈਟਵਲ ਆਪ
ਆਂਵਦਾ। ਡਬਿਆਂ ਦੇ ਵਲ ਦੇਖਣੇ ਨੂੰ ਜਾਂਵਦਾ। ਖੰਡੂਏ
ਜੀ ਆਕੇ ਘੋੜੇ ਦੋ ਝੜਾਏ ਸੀ। ਦੂਸਰੀ ਜੀ ਟੇਮ ਤਾਂ
ਸਿਹੋਰੇ ਆਏ ਸੀ। ਥੋੜਾ ਥੋੜਾ ਹਾਲ ਸਬ ਦਿਆਂ ਦਸ
ਜੀ। ਵਿਚ ਤਾਂ ਬੰਬਈ ਪਹੁੰਚਨਾ ਹੈ ਅਜ ਜੀ। ਇਕੀ
ਤਾਂ ਤਰੀਕ ਫੇਰ ਪਹੁੰਚ ਜਾਂਵਦੇ। ਲਾਹਕੇ ਸਮਾਂਨ ਫੇਰ
ਬੈਠ ਜਾਂਵਦੇ। ਚਾਰ ਵਜੇ ਫੇਰ ਜੀ ਜਹਾਜ ਚੜ੍ਹਦੇ।
ਗਡੀਆਂ ਦੇ ਵਿਚ ਸਾ ਸਮਾਂਨ ਖੜਦੇ। ਲਦਕੇ ਸਮਾਨ
ਘੋੜੇ ਟਟੂ ਚਾੜ੍ਹਦੇ। ਫੇਰ ਕਰ ਫਾਂਮ ਨਾਮਸੀ ਪੁਕਾਰਦੇ।
ਸ਼ਾਹੀਸ ਤਾਂ ਜੁਵਾਨ ਸਭ ਚੜ ਜਾਂਵਦੇ। ਅਗੇ ਦਰਵਾਜ਼ੇ

ਦੇ ਸੀ ਗਾਟ ਲਾਂਵਦੇ। ਹੁਕਮ ਬਗੈਰ ਨਹੀਂ ਬਾਹਰ ਜਾਵੇ ਜੀ। ਕੋਟਵਲ ਸਾਹਿਬ ਹੁਕਮ ਸੁਨਾਵੇ ਜੀ ਜਦੋਂ ਸੀ ਜਹਾਜ ਨੇ ਕਨਾਰਾ ਛਡਿਆ। ਖਾਲਸੇ ਨੇ ਝਟ ਸੀ ਜੈਕਾਰਾ ਛਡਿਆ। ਸੋਧੇ ਅਰਦਾਸੇ ਫੇਰ ਹਥ ਜੋੜਕੇ। ਰਾਜੀ ਖੁਸ਼ੀ ਗੁਰੂ ਜੀ ਲਿਆਵੇ ਮੋੜਕੇ। ਬੀਸ ਮੀਲ ਘੰਟੇ ਮੇਂ ਜਹਾਜ ਚਲਦਾ। ਹੁੰਦਾ ਨਾਂ ਮਾਲੂਮ ਪਾਂਨੀ ਵਿਚ ਹਲਦਾ। ਸ਼ਾਂਮ ਤਕ ਨਜਰ ਬਿਬਈ ਆਂਵਦੀ। ਫੇਰ ਗਏ ਦੂਰ ਰਾਤ ਪੈ ਜਾਂਵਦੀ। ਕਈ ਤਾਂ ਜਵਾਨ ਓਦਰ ਸੀ ਜਾਂਵਦੇ। ਹੋਏ ਨੇ ਬਿਮਾਰ ਉਲਟੀ ਕਰਾਂਵਦੇ। ਜਹਾਜ ਕਪਤਾਂਨ ਸੀ ਸਫਾਈ ਦੇਖਦਾ। ਕੋਈ ਨਾ ਸ਼ਰੀਕ ਨੈਗਾ ਮੇਰੇ ਲੇਖਦਾ। ਟੋਲੀਆਂ ਦੇ ਦਫੇਦਾਰ ਲੈ ਸਦਨੀ। ਯਾਰਾਂ ਵਜੇ ਦੇਖਨੀ ਸਫਾਈ ਅਜ ਜੀ। ਪੰਜ ਮਿੰਟ ਪਹਿਲੇ ਬਿਗਲ ਵਜਾਂਵਦੇ। ਸਾਹਿਬ ਸਰਦਾਰ ਦੇਖਣੇ ਨੂੰ ਆਂਵਦੇ। ਵਰਦੀ ਉਤਾਰ ਤੁਸਾਂ ਖਾਂਨਾਂ ਖਾਂਵਣਾ। ਕਲ ਯਾਰਾਂ ਵਜੇ ਅਸਾਂ ਫੇਰ ਆਂਵਣਾ। ਏਸੇ ਤਰਾਂ ਕੰਮ ਰੋਜ ਹੁੰਦੇ ਜਾਂਵਦੇ। ਦਹਿਨੇ ਖੱਬੇ ਨਜਰ ਪਹਾੜ ਆਂਵਦੇ। ਲਗਦਾ ਨਾ ਪਤਾ ਪਾਰ ਜੀ ਉਰਾਰ ਦਾ। ਗੁਰੂ ਉਤੇ ਆਸ ਬੰਨੇ ਕਦੋਂ ਚਾਹੜ ਦਾ। ਸੁਬੇ ਜੀ ਸਤਾਈ ਨੂੰ ਸੀ ਸ਼ਹਿਰ ਦਿਸਿਆ। ਉਸੇ ਬੰਨੇ ਫੇਰ ਸੀ ਜਹਾਜ ਖਿਚਿਆ। ਫੜ ਦੂਰਬੀਨ ਫੇਰ ਸਾਰੇ ਝਾਕਦੇ। ਹੁੰਦਾ ਹੈ ਮਾਲੂਮ ਸ਼ਹਿਰ ਸਾਰੇ ਆਖਦੇ। ਸਤ ਰੋਜ ਹੋਏ ਪਾਂਨੀ ਵਿਚ ਯਾਰ ਨੂੰ। ਅਜ ਤਾਂ ਜਹਾਜ

ਫੇਰ ਜਾਊਂ ਪਾਰ ਨੂੰ। ਜਿਉਂ ਜਿਉਂ ਦਿਸਦਾ ਨਜੀਕ ਸ਼ਹਿਰ ਸੀ। ਤਿਉਂ ਤਿਉਂ ਪੜਦੀ ਕਲੇਜੇ ਲੈਹਰ ਸੀ। ਜੇਹੜੇ ਨੇ ਦਲੇਰ ਚੇਹਰੇ ਲਾਲ ਹੋਂਵਦੇ। ਕੰਮ ਦਿਲ ਆਦਮੀ ਸੀ ਬੈਠ ਰੋਂਵਦੇ। ਰਾਂਮ ਲਾਲ ਮਿਸਤਰੀ ਬਿਮਾਰ ਹੋਂਵਦਾ। ਮਿਰਦੇ ਸੀ ਵਾਲ ਫੇਰ ਬੈਠ ਖੋਵਦਾ। ਮਰਗਿਆ ਦਈਆ ਭਈਆ ਹੈ ਪੁਕਾਰਦਾ। ਰਾਂਮਲਾਲ ਮਿਸਤਰੀ ਸੀ ਚੀਕਾਂ ਮਾਰਦਾ। ਕਈ ਤਾਂ ਬਿਮਾਰ ਹੋਏ ਸੀ ਜੁਵਾਨ ਜੀ। ਹਰਇਕ ਦਾ ਕੀ ਲਿਖਣਾਂ ਹੈ ਨਾਮ ਜੀ। ਇਕ ਰੋਜ ਆਖਰੀ ਸਬੀ ਨੇ ਮਰਨਾ। ਬੂਸ਼ਹਿਰ ਦੇਖ ਤੁਸਾਂ ਕਾਂਨੂੰ ਡਰਨਾ। ਕੈਟਵਲ ਸਾਹਿਬ ਫੇਰ ਆਪ ਜਾਂਵਦਾ। ਜਹਾਜ਼ ਕਪਤਾਂਨ ਪਾਸੋਂ ਸੀ ਪੁਛਾਂਵਦਾ। ਸੈਤਾਸਿੰਘ ਅਗੇ ਮੈਂ ਕਬਿਤ ਲਿਖਣਾਂ। ਕਿਸਾ ਮੇਰਾ ਵਿਚ ਜੀ ਪੰਜਾਬ ਵਿਕਣਾਂ.

ਜੁਵਾਬ ਕਪਤਾਂਨ ਜਹਾਜ ਵਾਲਾ

ਕਬਿਤ—ਬੋਲ ਕਪਤਾਂਨ ਨੇ ਜਵਾਬ ਦਿਤਾ ਝਟ ਪਟ ਬੂਸ਼ਹਿਰ ਅਜੇ ਕੋਈ ਜਗਾ ਨਾ ਬਨਾਈ ਜੀ। ਚਾਰ ਮੀਲ ਜਹਾਜ ਸ਼ਹਿਰੋਂ ਉਰੇ ਅਸਾਂ ਰੋਕਨਾ ਹੈ ਝੂਠ ਨਹੀਂ ਬੋਲਾਂ ਬਾਤ ਸਚ ਦੀ ਸੁਨਾਈ ਜੀ। ਅਵਲ ਸਕੌਂਡਨ ਵੀ ਅਜ ਓਥੇ ਪਹੁੰਚਨਾ ਹੈ ਅੱਗੇ ਤੁਰਿਆ ਜਾਂਦਾ ਸਾਂਨੂੰ ਦੇਂਦਾ ਹੈ ਦਖਾਈ ਜੀ। ਆਪ ਕਪਤਾਂਨ ਫੇਰ ਝੰਡੀ ਫੜੀ ਹਥ ਵਿਚ ਕੌਂਸਲ ਨੂੰ ਖਵਰ ਬੂਸ਼ਹਿਰ ਮੇਂ ਪੁਚਾਈ ਜੀ॥

ਕਬਿਤ॥ ਬੂਸ਼ਹਿਰ ਦੇਖਕੇ ਜਵਾਨ ਖੁਸ਼ੀ ਹੋਂਵਦੇਨੇ

ਆਖਦੇਨੇ ਅਜ ਜੀ ਅਰਮਾਂਨ ਅਸੀ ਪਾਵਾਂਗੇ । ਝਟ ਪਟ ਸਾਂਭਿਆ ਸਮਾਨ ਫੇਰ ਸਾਰਿਆਂ ਨੇ ਘੋੜੇ ਜੀ ਉਤਾਰ ਅਸੀਂ ਸ਼ਹਿਰ ਵਿਚ ਜਾਵਾਂਗੇ । ਕੈਟਵਲ ਸਾਹਿਬ ਜਾਕੇ ਪੁਛੇ ਕਪਤਾਂਨ ਪਾਸੋਂ ਕਿਨੇ ਵਜੇ ਅਜ ਜੀ ਸਮਾਂਨ ਘੋੜੇ ਲਾਵਾਂਗੇ। ਕਹੇ ਕਪਤਾਂਨ ਸਿੰਤਾਸਿੰਘ ਦੇ ਉਤਾਰਨੇ ਨੂੰ ਬੂਸ਼ਹਿਰੋਂ ਅਜ ਅਸੀਂ ਕਿਸਤੀਆਂ ਮੰਗਾਵਾਂਗੇ ॥ ਕਬਿਤ ॥ ਅਵਲ ਸਕੌੜੰਨ ਨੇ ਖਵਰ ਭੇਜੀ ਝੌਤੀ ਵਿਚ ਸਾਡੇ ਜੀ ਉਤਾਰਨੇ ਨੂੰ ਭੇਜੋ ਖਾਂ ਜੁਵਾਨਜੀ। ਜਮਾਦਾਰ ਸਿੰਘਜੀ ਬਸੰਤ ਨੂੰ ਤਿਆਰ ਕੀਤਾ ਬਾਰਾਂ ਬਾਰਾਂ ਤੁਰਪ ਵਿਚੋਂ ਬੋਲੇ ਨੇ ਜੁਵਾਨਜੀ। ਤਿਨੋਂ ਹਥਿਆਰ ਵਰਦੀ ਪਹਿਨ ਕੇ ਤਿਆਰ ਹੋਏ ਮਿਲੇਗਾ ਹੁਕਮ ਵਿਚ ਕਿਸਤੀ ਦੇ ਜਾਨ ਜੀ । ਵਰਦੀ ਬੰਦੂਕ ਦਾ ਹੁਕਮ ਹੂਆ ਛੋਡਨੇਦਾ ਬੈਠੇ ਜਾਕੇ ਸਿੰਤਾਸਿੰਘ ਉਤਾਰਨਾ ਸੁਮਾਨਜੀ ॥

ਕੋਰੜਾ ਛੰਦ ॥ ਮੁੜਕੇ ਜਹਾਜ ਵਿਚ ਫੇਰ ਆਂਵਦੇ। ਵਰਦੀ ਬੰਦੂਕ ਸਬ ਛਡ ਜਾਂਵਦੇ। ਫੇਰ ਮੁੜ ਕਿਸਤੀ ਮੇਂ ਬੈਠੇ ਜਾਇਕੇ। ਅਗਨ ਬੋਟ ਲਗ ਗਿਆ ਆਇਕੇ। ਕਿਸਤੀ ਦੇ ਵਿਚ ਜੀ ਮਾਸ਼ੀਨ ਲਾਂਵਦੇ । ਕਿਰਚ ਬੰਦੂਕ ਫੇਰ ਛਡ ਜਾਂਵਦੇ।ਸਭਨਾਂ ਦਾ ਦਿਲ ਪਿਆ ਗੰਮ ਖਾਂਵਦਾ। ਜਿਓਂ ਜਿਓਂ ਸ਼ਹਿਰ ਸੀ ਨਜੀਕ ਆਂਵਦਾ। ਗੋਰੇਜੋਜਵਾਨ ਗਲਹਾਰਪਾਂਵਦੇ।ਬਲੰਮ ਬੰਦੂਕ ਫੇਰ ਛਡ ਜਾਂਵਦੇ। ਪੈਂਟ ਜੇ ਈਰਾਨੀ ਫੇਰ ਕੀ ਕਹੀਏ। ਬਿਨਾਂ ਮੌਤ

ਆਈ ਜੀ ਜਰੂਰ ਮਰੀਏ । ਕਿਸਤੀ ਪੁਚਾਈ ਸੀ ਵਕਤ ਸ਼ਾਂਮਦੇ। ਵਰਦੀ ਸਮਾਂਨ ਫੇਰ ਛਡ ਜਾਂਵਦੇ। ਮਸ਼ੀਨ ਵਿਚ ਹਾਰ ਗੋਰਿਆਂ ਅੜਾਇਆ ਸੀ। ਜਦੋਂ ਬੂਸ਼ਹਿਰ ਜੀ ਨਜੀਕ ਆਇਆ ਸੀ। ਕਿਸਤੀ ਨੂੰ ਛਡ ਫੇਰ ਬੰਨੇ ਜਾਂਵਦੇ । ਵਰਦੀ ਬੰਦੂਕ ਫੇਰ ਛਡ ਜਾਂਵਦੇ। ਸਾਰੇ ਬੰਨੇ ਜਾਕੇ ਫੇਰ ਜੋਰ ਲਾਂ-ਵਦੇ। ਲੈਂਪ ਵਿਚ ਖਵਰ ਜਹਾਜ ਨੂੰ ਪੁਚਾਂਵਦੇ! ਕਿਸ਼ਤੀ ਦੇ ਉਤੋਂ ਜੀ ਸਮਾਂਨ ਲਾਂਵਦੇ। ਵਰਦੀ ਬੰਦੂਕ ਫੇਰ ਛਡ ਜਾਂਵਦੇ। ਮੋਹਰ ਸਿੰਘ ਨੈਕ ਜੀ ਖਵਰ ਦਸਦਾ। ਸੁਣਕੇ ਸੁਵਾਲਸੀ ਤੂਰਪ ਹਸਦਾ। ਬੰਨੇ ਹੇਠ ਸਬ ਰੋਟੀਆਂ ਮੰਗਾਂਵਦੇ। ਵਰਦੀ ਬੰਦੂਕ ਫੇਹ ਛਡ ਜਾਂਵਦੇ। ਸਤ ਜੀ ਨੰਬ੍ਰ ਫੌਜ ਪਹਿਲਾਂ ਆਈ ਸੀ। ਜਿਨ੍ਹਾਂ ਰੋਟੀ ਰਾਤ ਇਨਾਂ ਨੂੰ ਖੁਲਾਈ ਸੀ। ਪਾਂਣੀ ਵਿਚੋਂ ਸਜਨੋ ਸਮਾਂਨ ਲਾਂਹਵਦੇ । ਵਰਦੀ ਬੰਦੂਕ ਫੇਰ ਛਡ ਜਾਂਵਦੇ। ਤਿਨ ਰੋਜ ਹਾਲ ਏਹੋ ਸੀ ਗੁਜਾਰਿਆ। ਦੂਸਰਾ ਸਕੋਡੰਨ ਅਜ ਹੈ ਉਤਾਰਿਆ। ਕਿਸਤੀ ਦੇ ਵਿਚ ਘੋੜੇ ਜੀ ਲਜਾਂਵਦੇ! ਵਰਦੀ ਬੰਦੂਕ ਫੇਰ ਛਡ ਜਾਂਵਦੇ। ਤੀਸ ਜੀ ਤਰੀਕ ਜਹਾਜ ਖਾਲੀ ਕਰਦੇ। ਫੇਰ ਜੀ ਜਹਾਜ ਹੈ ਕਰਾਂਚੀ ਖੜਦੇ। ਦੋ ਫੌਜ ਏਥੇ ਜੀ ਅਰਮਾਂਨ ਪਾਂਣਦੇ। ਵਰਦੀ ਬੰਦੂਕ ਫੇਰ ਛਡ ਜਾਂਵਦੇ। ਸਮੁੰਦ੍ਰ ਦੇ ਵਿਚੋਂ ਪਾਣੀ ਨਾ ਪਲਾਵਣਾਂ। ਇਕ ਖੂਹ ਅਜ ਅਸਾਂ ਨੂੰ ਬਤਾਵਣਾ। ਮੋਤਾ ਸਿੰਘ ਕੂਚ ਦੂਸਰੀ ਕਰਾਵਦੇ। ਵਰਦੀ ਬੰਦੂਕ ਫੇਰ ਛਡ ਜਾਵਦੇ॥ ਕਬਿਤ॥ ਪਹਿਲੀ ਜੀ ਨੁਵੰਬਰ ਹੁਕਮ ਹੂਆ ਜਾਵਣੇ ਦਾ ਦੂਸਰੀ ਤਰੀਕ ਨੂੰ ਕਰੋ ਜੀ ਝੜਾਈਆਂ।

ਫਸ ਔਰ ਸਿਕੰਨ ਬਨਾਈ ਲੈਣ ਆਪ ਸਾਹਿਬ ਬਹੁਤ ਹੈ
ਸਮਾਨ ਹੋਰ ਖਚਰਾ ਮੰਗਾਈਆ। ਕੰਮ ਜੀ ਸਰੇਟ ਵਿਚੋਂ
ਆਇਆ ਸੀ ਸਮਾਨ ਜੋਹੜਾ ਬੂਸ਼ਹਿਰ ਵਿੱਚ ਵੰਡੀ ਓਸ
ਦੀਆ ਪਾਈਆ। ਸੰਤਾਸਿੰਘ ਏਥੇ ਹੁਣ ਲਿਫ ਵਿੰਗ ਆਵਣਾ
ਹੈ ਰੈਟ ਵਿੰਗ ਕਰੇਗਾ ਸ਼ੀਰਾਜ਼ ਉਤੇ ਧਾਈਆਂ॥ ਦੋਹਿਰਾ॥
ਬੂਸ਼ਹਿਰਕੇ ਵਿਚ ਸੀ ਅੰਗ੍ਰੇਜ਼ੀ ਕੌਂਸਲ ਜਾਨ। ਖਚਰ ਘੇਰਨ
ਵਾਸਤੇ ਭੇਜੇ ਸਾਹਿਬ ਜਵਾਨ॥ ਦੋਹਿਰਾ॥ ਬੂਸ਼ਹਿਰ ਨੂੰ
ਛਡਕੇ ਤੁਰਨਾ ਅਜ ਸ਼ਤਾਬ। ਈਰਾਨੀ ਲੋਕ ਨੇ ਆਖਦੇ
ਰਸਤਾ ਬਹੁਤ ਖਰਾਬ॥ ਦੋਹਿਰਾ॥ ਖਚਰ ਹੋਰ ਮੰਗਾਇਕੇ
ਲਦਿਆ ਫੇਰ ਸੁਮਾਨ। ਅਡਵੰਸ ਪਾਰਟੀ ਵਾਸਤੇ
ਘੋਲੇ ਫੇਰ ਜਵਾਨ॥ ਹਾਲ ਕੂਚ ਕੋਰੜਾ ਛੰਦ
ਕੋਤ ਦਫੇਦਾਰ ਹੁਕਮ ਸੁਨਾਂਵਦੇ। ਕੁਪੀਆਂ ਦੇ ਵਿੱਚ ਪਾਂਨੀ
ਸਬ ਪਾਂਵਦੇ। ਪਾਰਟੀ ਅਡਵੰਸ ਇਕ ਦਿਤੀ ਬੋਲ ਜੀ।
ਗੋਲੀ ਤਾਂ ਬਰੂਦ ਗਠਾ ਸਬ ਕੋਲ ਜੀ। ਹੁਦੇਦਾਰ ਮੇਗ-
ਜ਼ੀਨ ਹੈ ਭਰਾਂਵਦੇ। ਕੁਪੀਆਂ ਦੇ ਵਿੱਚ ਪਾਨੀ ਸਬ ਪਾਂਵਦੇ।
ਰਸਾਈਦਾਰ ਗੰਡਾਸਿੰਘ ਰੈਯਰ ਰਹਿ ਗਿਆ। ਕੈਟਵਲ
ਆਪਨੀ ਜ਼ੁਬਾਨੀ ਕੈਹ ਗਿਆ। ਪਾਰਟੀ ਫਲੈਗਾਂ ਵਲ
ਜੀ ਭਜਾਂਵਦੇ। ਕੁਪੀਆਂ ਦੇ ਵਿੱਚ ਪਾਂਨੀ ਸਬ ਪਾਂਵਦੇ। ਦਸ
ਮੈਲ ਜਾਕੇ ਹਾਲਟ ਵਜਾਇਆ ਸੀ। ਘੋੜਿਆਂ ਨੂੰ ਪਾਂਨੀ
ਓਥੇ ਜੀ ਪਲਾਇਆ ਸੀ। ਡਿਸਮੌਂਟ ਹੋਕੇ ਦਾਨਾਂ ਹੈ
ਚਰਾਂਵਦੇ। ਕੁਪੀਆਂ ਦੇ ਵਿੱਚ ਪਾਨੀ ਸਬ ਪਾਂਵਦੇ। ਬੂ
ਸ਼ਹਿਰੋਂ ਚਲ ਐਹਮਦੀ ਸਾਂ ਉਤਰੇ। ਪਾਣੀ ਸੀ ਖਰਾਬ

ਨਾ ਪਿਆਸ ਉਤਰੇ। ਐਹਮਦੀ ਦੇ ਵਿੱਚ ਹਨੇਰੀ ਝੂਲੇ ਆਂਵਦੇ। ਕੁਪੀਆਂ ਦੇ ਵਿੱਚ ਪਾਣੀ ਸਬ ਪਾਂਵਦੇ। ਮਾੜਾ ਮਾੜਾ ਮੀਂਹ ਸਾਥ ਗਰਦਾ ਉਡਦਾ। ਰਸਾਈ ਦਾਰ ਅਨੂਪ ਸਿੰਘ ਪਾਣੀ ਪੁਛਦਾ। ਕਾਠੀਆਂ ਉਤਾਰ ਦਾਨਾ ਤੂੜੀ ਪਾਂਵਦੇ। ਕੁਪੀਆਂ ਦੇ ਵਿੱਚ ਪਾਣੀ ਸਬ ਪਾਂਵਦੇ। ਪਿੰਡ ਵਿੱਚੋਂ ਪਾਣੀ ਮੁਲ ਤੁਸਾਂ ਲਿਆਵਣਾਂ। ਸਾਡੇ ਪਾਸ ਪੈਸੇ ਨਾ ਧਿਆਂਇਆਂ ਜਾਵਣਾਂ। ਆਟੇ ਵਿੱਚ ਕੀੜੇ ਨਾ ਜੁਵਾਨ ਖਾਂਵਦੇ। ਕੁਪੀਆਂ ਦੇ ਵਿੱਚ ਪਾਣੀ ਸਬ ਪਾਂਵਦੇ। ਮਖਨ ਸਿੰਘ ਨੈਕ ਗਾਂਮ ਵਿੱਚ ਜਾਵਣਾਂ। ਚਾਰ ਆਨੇ ਘੜਾ ਪਾਣੀ ਦਾ ਲਿਆਵਣਾ। ਸੰਤਾ ਸਿੰਘ ਹੁਕਮ ਦੂਸਰਾ ਸੁਨਾਂਵਦੇ। ਕੁਪੀਆਂ ਦੇ ਵਿੱਚ ਪਾਣੀ ਸਬ ਪਾਂਵਦੇ॥ ਦੋਹਰਾ॥ ਐਹਮਦੀ ਨੂੰ ਛੱਡਕੇ ਦੋਰਸ਼.ਜੂਨ ਨੂੰ ਆਏ। ਹਰਿ ਇਕ ਫੇਰ ਪੜਾਏ ਦਾ ਦੇਈਂ ਹਾਲ ਸੁਨਾਏ॥ ਕਬਿੱਤ ॥ ਐਹਮਦੀ ਨੂੰ ਛੱਡ ਫੇਰ ਸਤ ਵਜੇ ਹੋਊ ਕੂਚ ਪਹੁੰਚਨਾ ਜਰੂਰ ਦੋਰਸ਼ ਜੂਨ ਵਿੱਚ ਜਾਇਕੇ। ਫਲੈਂਕ ਉਤੇ ਪਾਰਟੀਆਂ ਭੇਜੀਆਂ ਸੀ ਝਟ ਪਟ ਰੈਯਰ ਅਡਵੰਸ ਫੇਰ ਬੋਲੀਆਂ ਬਨਾਇਕੇ। ਕੂਚ ਦਾ ਬਿਗਲ ਜਦੋਂ ਵਜਾ ਮੇਰੇ ਸਜਣੋ ਜੀ ਲਥਾ ਸੀਗਾ ਮੀਂਹ ਫੇਰ ਜੋਰ ਸਾਥ ਆਇਕੇ। ਸੰਤਾ ਸਿੰਘ ਅਜ ਤਾਂ ਪੜਾ ਉਤੇ ਪਹੁੰਚਣਾ ਹੈ ਧੋਖਾ ਨਹੀਂ ਖਾਣਾ ਬੈਣਾ ਪਿਕਟ ਲਗਾਇਕੇ॥ ਕਬਿੱਤ॥ ਦਹਿਨੇ ਪਾਸੇ ਪਾਰਟੀ ਕਵੀਸ਼ਰ ਦੀ ਭੇਜ ਦਿਤੀ ਬਾਂਏਂ ਪਾਸੇ ਪਾਰਟੀ ਬਲਵੰਤ ਸਿੰਘ ਜਾਂਵਦਾ। ਏਤ੍ਰ ਵਿੱਚ ਦਫੇਦਾਰ ਕੇਹਰ ਸਿੰਘ ਜਾਂਵਦਾ ਸੀ

ਪਹੁੰਚ ਕੇ ਪੜਾ ਉਤੇ ਸੁਕਣੇ ਪੁਆਵੰਦਾ। ਥਾਓਂ ਥਾਈਂ ਬੈਠੇ ਘੋੜੇ ਟਟੂ ਨੇ ਲਗਾਇ ਜਬ ਸੰਤਾ ਸਿੰਘ ਪਾਰਟੀਆਂ ਵਾਪਸ ਲਿਆਂਵਦਾ॥ ਕਬਿੱਤ ॥ ਬੇਰਸ਼ ਜੂਨ ਛੱਡਕੇ ਡਲਾਕੀ ਨੂੰ ਨੂੰ ਕਰ ਕੂਚ ਰਸਤੇ ਦਾ ਹਾਲ ਥੋੜਾ ਥੋੜਾ ਮੈਂ ਬਤਾਵਣਾ। ਅਗੇ ਪਿਛੇ ਰੋਜ ਜੀ ਜੁਵਾਨ ਥਾਂਟੇ ਜਾਂਵਦੇ ਨੇ ਰੋਜ ਰੋਜ ਹਾਲ ਕੀ ਮੈਂ ਏਹਨਾਂ ਦਾ ਸੁਨਾਵਣਾ। ਦਹਿਨੇ ਬੰਨੇ ਬਹੁਤ ਜੀ ਪਹਾੜ ਆਡੇ ਜਾਂਵਦੇ ਨੇ ਹੁੰਦਾ ਹੈ ਮਾਲੂਮ ਜੀ ਖਰਾਬ ਰਾਹ ਆਵਣਾ। ਸੰਤਾ ਸਿੰਘ ਅਜ ਤਾਂ ਮਾਲੂਮ ਫੇਰ ਹੋਂਵਦਾ ਹੈ ਦੋ ਬਜੇ ਉਤੇ ਜੀ ਪੜਾ ਪਹੁੰਚ ਜਾਵਣਾ ॥

ਕੋਰੜਾ ਛੰਦ ॥ ਪਾਸ ਜੀ ਪਹਾੜ ਦੇ ਪੜਾ ਆਂਵਦਾ। ਘੋੜੇ ਟਟੂ ਇਕ ਲੈਣ ਵਿਚ ਲਾਂਵਦਾ। ਵਰਦੀਆਂ ਉਤਾਰ ਮਾਲਸ਼ ਕਰਾਂਵਦੇ। ਪਾਣੀ ਬਹੁਤ ਸਾਫ ਹੈ ਜੁਵਾਨ ਨ੍ਹਾਂਵਦੇ। ਬਾਗ ਤਾਂ ਬਗੀਚੇ ਫੇਰ ਦੇਖੇ ਜਾਇਕੇ। ਜਦੋਂ ਛੁਟੀ ਮਿਲੀ ਮਾਲਸ਼ ਕਰਾਇਕੇ। ਲੈਕੇ ਤਾਂ ਖਜੂਰਾਂ ਲੋਕ ਮੁਲ ਖਾਂਵਦੇ। ਪਾਣੀ ਬਹੁਤ ਸਾਫ ਹੈ ਜੁਵਾਨ ਨ੍ਹਾਂਵਦੇ। ਇਕ ਇਕ ਰੋਟੀ ਮਿਲਦੀ ਤੁਮਾਮ ਨੂੰ। ਰਜਕੇ ਨਾ ਖਾਣ ਦਿੰਦੇ ਫੇਰ ਸ਼ਾਮ ਨੂੰ। ਭੁਖੇ ਤਾ ਧਿਆਏ ਵਕਤ ਲਗਾਵੰਦੇ। ਪਾਣੀ ਬਹੁਤ ਸਾਫ ਹੈ ਜੁਵਾਨ ਨ੍ਹਾਵੰਦੇ। ਰਾਸ਼ਨ ਦੀ ਚੀਜ ਸਬ ਪੂਰੀ ਆਂਵਦੀ। ਕੁਛ ਨਾ ਮਾਲੂਮ ਹੈ ਕਿਧਰ ਜਾਵਦੀ। ਲੰਗਰ ਦੇ ਵਿੱਚ ਰੋਟੀਆਂ ਜੀ ਖਾਂਵਦੇ। ਪਾਣੀ ਬਹੁਤ ਸਾਫ ਹੈ ਜੁਵਾਨ ਨ੍ਹਾਵੰਦੇ। ਸੂਬੇ ਏਥੋਂ ਉੱਠਕੇ ਹੈ ਕੂਚ ਕਰਨਾ। ਰਸਤਾ ਕੁਨਾਰ ਤਖਤੇ ਦਾ ਚੜਨਾ। ਉੱਚੀ ਹੈ ਪਹਾੜੀ

ਦੁਖ ਬਹੁਤ ਪਾਂਵਦੇ ॥ ਭੁਖੇ ਤਾਂ ਧਿਆਏ ਫੇਰ ਚ
ਜਾਂਵਦੇ। ਮਸਾਂ ਮਸਾਂ ਘੋੜੇ ਜੀ ਜੁਵਾਨ ਚੜ੍ਹਦੇ। ਊ
ਵਾਲੇ ਖੜ੍ਹੇ ਹੈਂ ਦਲੀਲਾਂ ਕਰਦੇ। ਬੜੇ ਬੜ ਰਸਤੇ ਪਹਾ
ਆਂਵਦੇ। ਭੁਖੇ ਤਾਂ ਧਿਆਏ ਫੇਰ ਚੜ ਜਾਂਵਦੇ। ਦੇਖ
ਪਹਾੜ ਦੋਨੋਂ ਬਾਤਾਂ ਕਰਦੇ। ਹਥ ਵਿਚ ਊਠਾਂ ਦੀ ਨਕੇ
ਫੜਦੇ। ਚੌਲੀ ਪਾਸ ਫੇਰ ਜੀ ਹਾਲਟ ਹੋਂਵਦੇ। ਦੋਨੋਂ ਖ
ਸ਼ੁਤਰ ਸੀ ਪੈ ਰੋਂਵਦੇ। ਚੜ੍ਹੇ ਜੋ ਸ਼ੁਤਰ ਤਕਲੀਫ ਪਾਇਕੇ
ਕਰਦੇ ਨੇ ਬਾਤ ਸਾਡੇ ਕੋਲ ਆਇਕੇ। ਉਚੀ ਹੈ ਪਹਾੜੀ
ਜਿੱਥੇ ਹੇਲੂ ਲਾਇਆ ਸੀ। ਰੈਯਾਰ ਵਾਲੀ ਪਾਰਟੀ ਨੂੰ ਜ
ਬੁਲਾਇਆ ਸੀ। ਛੇਤੀ ਛੇਤੀ ਕਾਫਲਾ ਉਤੇ ਝੜਾਂਵਦੇ। ਭੁ
ਤਾਂ ਧਿਆਏ ਫੇਰ ਚੜ੍ਹ ਜਾਂਵਦੇ। ਚੌਲੀ ਪਾਸੋਂ ਅਹੇ ਨੂੰ ਸਵਾਰ
ਹਲਦੀ। ਪਿਛਲੇ ਤੁਰਪ ਉਤੇ ਹੌਲੀ ਚਲਦੀ। ਪਿਛਲ
ਜਵਾਨ ਚਿਲਮਾਂ ਭਰਾਂਵਦੇ। ਭੁਖੇ ਤਾਂ ਧਿਆਏ ਫੇਰ ਚੜ੍ਹ
ਜਾਂਵਦੇ। ਚੌਲੀ ਪਾਸ ਆਕੇ ਕਾਠੀਆਂ ਉਤਾਰੀਆਂ। ਈਰ
ਨੀਆਂ ਦੇ ਪਾਸ ਫੇਰ ਗਪਾਂ ਮਾਰੀਆਂ। ਈਰਾਨੀ ਕਾਰਤੂਸ
ਏਨਾ ਦੇ ਚੁਰਾਂਵਦੇ। ਭੁਖੇ ਤਾਂ ਧਿਆਏ ਫੇਰ ਚੜ੍ਹ ਜਾਂਵਦੇ।
ਇਕ ਸਰਦਾਰ ਪਿਛੇ ਸਾਥ ਰਿਆ ਸੀ। ਜਿਸਦਾ ਮੈਂ ਨਾਮ
ਸ਼ੇਰ ਬਹਾਦਰ ਕਿਆ ਸੀ। ਤਿਨ ਤਾਂ ਬੰਦੂਕ ਈਰਾਨੀ ਫੜ
ਲੈ ਆਂਵਦੇ। ਭੁਖੇ ਤਾਂ ਧਿਆਏ ਫੇਰ ਚੜ੍ਹ ਜਾਂਵਦੇ। ਇਕ ਤਾ
ਈਰਾਨੀ ਦਸੇ ਵਿਚ ਗਾਮਦੇ। ਸਾਡਾ ਸਾਥੀ ਫੌਜੀ ਫਜ਼ਲਈ
ਜਾਂਵਦੇ। ਫੜਕੇ ਤੋਫੰਗਾ ਪਿੰਡੋਂ ਬਾਹਰ ਆਂਵਦੇ। ਭੁਖੇ ਤਾ
ਧਿਆਏ ਅਸੀ ਪਹੁੰਚ ਜਾਂਵਦੇ। ਦੇਖੇ ਕਰਨੈਲ ਗਾਮ ਆਯ

ਪਾਇਕੇ। ਕੀਤਾ ਵਿੰਗ ਫਾਮ ਅਲਾਰਮ ਵਜਾਇਕੇ। ਦੇਖਕੇ
ਈਰਾਨੀ ਫੇਰ ਕੰਬ ਜਾਂਵਦੇ। ਭੁਖੇ ਤਾਂ ਧਿਆਏ ਅਸੀ ਪਹੁੰਚ
ਜਾਂਵਦੇ। ਲਾਈ ਸੀ ਮਸ਼ੀਨ ਗਾਮ ਵਲ ਕਰਕੇ। ਬੈਠ ਗੇ
ਨਜੀਕ ਪੇਟੀਆਂ ਨੂੰ ਧਰਕੇ। ਰਖਕੇ ਤੋਫੰਗਾ ਪੈਰੀ ਡਿਗੇ
ਆਨਕੇ। ਬਖਸ਼ੋ ਕਸੂਰ ਜੀ ਗਰੀਬ ਜਾਣਕੇ। ਹੋਇਆਂ ਜਾਂ
ਹੁਕਮ ਜੁਵਾਨ ਹਟ ਜਾਂਵਦੇ। ਭੁਖੇ ਤਾਂ ਧਿਆਏ ਅਸੀ ਪਹੁੰਚ
ਜਾਂਵਦੇ। ਕਲ ਜੀ ਪੜਾ ਹੁਮਰਾਜ ਆਵਣਾ। ਸੰਤਾ ਸਿੰਘ
ਈਰਾਨੀ ਫੜਕੇ ਪਟਾਵਣਾ। ਈਰਾਨੀ ਸਾਰੇ ਫੋਹ ਗਾਮ ਵਿੱਚ
ਜਾਂਵਦੇ। ਭੁਖੇ ਤਾਂ ਧਿਆਏ ਅਸੀ ਪਹੁੰਚ ਜਾਂਵਦੇ। ਏਦੂੰ ਉਰੇ
ਹੋਣਗੇ ਪਹਾੜ ਕਲਦੇ। ਥਕ ਗਏ ਜੁਵਾਨ ਘੋੜੇ ਸਬ ਚਲਦੇ।
ਓਦੂੰ ਉਦਾ ਅਜ ਹੈ ਪਹਾੜ ਮਲਦੇ। ਬਸੰਤ ਸਿੰਘ ਜਮਾਦਾਰ
ਪਿਛੇ ਘਲਦੇ। ਡਿਸਮੈਂਟ ਹੋਕੇ ਘੋੜੇ ਹਥ ਫੜਦੇ। ਰਸਤਾ
ਖਰਾਬ ਇਕ ਇਕ ਚੜਦੇ। ਰਸਤਾ ਸੀ ਤੰਗ ਹੌਲੀ ਹੌਲੀ
ਚਲਦੇ। ਥਕ ਗਏ ਜੁਵਾਨ ਘੋੜੇ ਸਬ ਚਲਦੇ। ਜੰਜੀਰ ਦਾਰ
ਰਸਤਾ ਤੁਹਾਨੂੰ ਦਸਦਾ। ਲਿਖਦਾ ਮੈਂ ਸਚ ਝੂਠ ਨਹੀਂ ਥਪਦਾ।
ਦੇਖੇ ਨੇ ਪਹਾੜ ਯਾਰੋ ਬੜੇ ਕਲਦੇ। ਥਕ ਗਏ ਜੁਵਾਨ ਘੋੜੇ
ਸਬ ਚਲਦੇ। ਬਹੁਤ ਹੈ ਖਰਾਬ ਦੇਖੋ ਰਾਹ ਸਜਣਾ। ਪੈਣ ਜੇ
ਈਰਾਨੀ ਅਸਾਂ ਕਿਥੇ ਭਜਣਾ। ਦੇਖਕੇ ਪਹਾੜ ਕਾਲਜੇ ਨੇ
ਹਲਦੇ। ਥਕ ਗਏ ਜੁਵਾਨ ਘੋੜੇ ਸਬ ਚਲਦੇ। ਛੇ ਵਜੇ
ਸ਼ਾਮ ਨੂੰ ਪੜਾ ਆਂਵਦਾ। ਓਸੇ ਵੇਲੇ ਗਾਣ ਲੈਕੇ ਤੁਰ ਜਾਂਵਦਾ।
ਦੇਖੀਆਂ ਮਾਂਸ਼ੀਨਾਂ ਕਾਜ਼ਤੂਸ ਚਲਦੇ। ਥਕ ਗਏ ਜੁਵਾਨ ਘੋੜੇ
ਸਬ ਚਲਦੇ। ਦੇਖ ਦੇਖ ਹਥ ਈਰਾਨੀ ਲੌਣ ਕਾਨ ਨੂੰ। ਮੁੜ

ਮੁੜ ਦਿੰਦੇ ਨੇ ਤਸਲੀ ਮਨ ਨੂੰ । ਦੇਖਨੇ ਈਰਾਨੀਆਂ ਨੂੰ ਫੇਰ
ਚਲਦੇ। ਥਕ ਗਏ ਜੁਵਾਨ ਘੋੜੇ ਸਬ ਚਲਦੇ। ਮਿਲਦਾ ਨਾ
ਪਾਨੀ ਬੋਲੀ ਇਕ ਗਾਮ ਦੀ। ਕਰਾਂ ਕੀ ਤਰੀਰ ਮੈਂ ਈਰਾਨ
ਲਾਮ ਕੀ। ਈਰਾਨ ਅੰਗ੍ਰੇਜ਼ ਦੇਖਕੇ ਸੀ ਮਲਦੇ। ਥਕ ਗਏ
ਜੁਵਾਨ ਘੋੜੇ ਸਬ ਚਲਦੇ। ਹਰਿ ਇਕ ਆਦਮੀ ਬੰਦੂਕ ਰਖਦੇ।
ਮਾਰਦੇ ਨੇ ਡਾਕੇ ਡਾਕੂ ਨਹੀਂ ਝਕਦੇ। ਸੰਤਾ ਸਿੰਘ ਸੂਬੇ ਮੇਗ-
ਜੀਨ ਖੜਨਾ। ਵਿੱਚ ਕਾਜਰੂਨ ਦੇ ਮਕਾਮ ਕਰਨਾ। ਛੇ ਜੀ
ਤਰੀਕ ਕਾਜਰੂੰਨ ਮਲਦੇ। ਥਕ ਗਏ ਜੁਵਾਨ ਘੋੜੇ ਸਬ
ਚਲਦੇ॥ ਕਬਿੱਤ ॥ ਵਿੱਚ ਕਾਜਰੂੰਨ ਦੇ ਜੀ ਸੂਬਾ ਇਕ
ਵਸਦਾ ਸੀ ਦਸਦਾ ਹਾਂ ਨਾਮ ਜੀ ਮੈਂ ਮਨ ਚਿਤ ਲਾਇਕੇ॥
ਅਲਾਕੇ ਦੇ ਗਰਾਂਮ ਜੀ ਮਤਹਿਤ ਓਦੀ ਵਸਦੇ ਸੀ ਕਰਦੇ
ਸਲਾਮ ਸੀ ਜਰੂਰ ਓਨੂੰ ਆਇਕੇ। ਮਹੰਮਦ ਅਲੀ ਨਾਮ
ਫੇਰ ਓਸਦਾ ਪੁਕਾਰ ਦੇਨੇ ਲੁਟ ਲੈਣ ਕਾਫਲੇ ਨਸ਼ੰਗ ਪੈਣ
ਧਾਇਕੇ। ਸੰਤਾ ਸਿੰਘ ਜਦੋਂ ਜੀ ਪੜਾ ਦੇ ਨਾਜੀਕ ਪਹੁੰਚੇ
ਦਿਤੀ ਸੋ ਸਲਾਮੀ ਜੁਵਾਂਨ ਆਪਨੇ ਲਿਆਇਕੇ॥ ਦੋਹਰਾ॥
ਵਿਚ ਕਾਜਰੂੰਨ ਦੇ ਆਇਕੇ ਕੀਤਾ ਫੇਰ ਮਕਾਂਮ। ਘੋੜੇ ਟਟੂ
ਸਾਂਬ ਕੇ ਦੇਖਿਆ ਸਾਰਾ ਗਾਂਮ॥ ਦੋਹਰਾ॥ ਛੇ ਤਰੀਕ ਜੀ ਸ਼ਾਮ
ਨੂੰ ਰੰਮ ਵੜਦੇ ਆਨ ਸਤ ਤਰੀਕ ਨੂੰ ਬੈਠ ਕੇ ਕਰਦੇ ਫੇਰ
ਅਰਮਾਨ ॥ਕਬਿੱਤ॥ ਛਡ ਕਾਜਰੂੰਨ ਜਾਂ ਸਫਰ ਕੀਤਾ ਅੱਠ
ਮੈਲ ਹੋਗਿਆ ਹੁਕਮ ਪਾਣੀ ਸਬਨੂੰ ਪਲਾਂਵਦੇ। ਬੜੇ ਹੈ
ਪਹਾੜ ਤਾਂ ਉਚਾਈ ਨਾ ਮੈਂ ਲਿਖ ਸਕਾਂ ਲੈਹ ਜਾਵੇ ਸਾਵਾ ਨਿਗਾ
ਉਪਰ ਉਠਾਂਵਦੇ ਮਸਾਂ ਮਸਾਂ ਚੜ੍ਹੇ ਸਾਂ ਇਹ ਘਾਟੀਆਂ ਜੀ ਪੈਰ

ਦਾਰ ਉਪਰ ਪਹਾੜ ਜਾਕੇ ਸ਼ੁਕਰ ਮਨਾਂਵਦੇ। ਸੰਤਾਸਿੰਘ ਚੋੜੀ ਦੂਰ ਅਗੇ ਜੀ ਪੜ੍ਹਾਇਕੇ ਤਾਂ ਹੋਕੇ ਭਿ ਸਮੈਂਟ ਦਾਨਾ ਸਬ ਨੂੰ ਠਰਾਂਵਦੇ ॥ ਦੋਹਰਾ ॥ ਹੈਧਾਰ ਗਾਟ ਸੇ ਆਇਕੇ ਬੋਲੇ ਫੇਰ ਸਰਦਾਰ। ਉਪਰ ਟੇਕਰੀ ਆਗਿਆ ਜੋੜਾ ਪਿਛੇ ਭਾਰ॥

ਦੋਹਰਾ ॥ ਹੁਕਮ ਹੂਆ ਫੇਰ ਕੂਚ ਦਾ ਛੇਤੀ ਹੋ ਤਿਆਰ। ਹੈਧਾਰ ਗਾੜ ਫੇਰ ਰਹਿ ਗਿਆ ਗੰਡਾਸਿੰਘ ਸਰਦਾਰ॥

ਕੋਰੜਾ ਛੰਦ ॥ ਜਾਂਦਾ ਹੋਯਾ ਸਾਹਿਬ ਇਕ ਬਾਤ ਕਹਿ ਗਿ ਆ। ਰਸਾਈਦਾਰ ਗੰਡਾਸਿੰਘ ਪਿਛੇ ਰਹਿ ਗਿਆ। ਅਸਾਂ ਅਜ ਮੀਆਂ ਜੀ ਕੋਤਲ ਜਾਵਨਾ। ਤੁਸਾਂ ਪਿਛੋਂ ਸਾਂਭਕੇ ਸਮਾਂਨ ਲਿਆਵਨਾ। ਏਨੀ ਬਾਤ ਆਖ ਫੇਰ ਰਾਹੇ ਪੈ ਗਿਆ। ਰਸਾਈ ਦਾਰ ਗੰਡਾਸਿੰਘ ਪਿੱਛੇ ਰਹਿ ਗਿਆ। ਦੇਖੀ ਇਕ ਜਗਾ ਰਾਹ ਵਿੱਚ ਜਾਇਕੇ। ਬੈਠੀਆਂ ਸੀ ਔਰਤਾਂ ਜੀ ਬਹੁਤ ਆਇਕੇ। ਬਾਂਏ ਪਾਸੇ ਮੋਰਚਾ ਸੀ ਇਕ ਰੈਹ ਗਿਆ। ਰਸਾਈਦਾਰ ਗੰਡਾ ਸਿੰਘ ਪਿੱਛੇ ਰੈਹ ਗਿਆ। ਨੇੜੇ ਕਿਤੇ ਪਿੰਡ ਨਜਰੀ ਨਾ ਆਂਵਦੇ। ਔਰਤਾਂ ਨੂੰ ਏਸ ਜਗਾ ਕਿਉਂ ਬੈਠਾਂਵਦੇ। ਹੀਰ ਪਿਛੇ ਦੁਖ ਰਾਂਝਣਾ ਸੀ ਸੇ ਗਿਆ। ਰਸਾਈਦਾਰ ਗੰਡਾਸਿੰਘ ਪਿਛੇ ਰੈਹ ਗਿਆ। ਬੁਰਾ ਦੇਖੋ ਮਿਤਰੋ ਰੰਨਾਂ ਦਾ ਜਾਲ ਜੀ। ਔਰਤਾਂ ਦਖਾ ਕੇ ਲੁਟਦੇ ਨੇ ਮਾਲ ਜੀ। ਫੇਰ ਯਾਰੋ ਫੈਸਲਾ ਸੀ ਬਹੁਤ ਪੈ ਗਿਆ। ਰਸਾਈਦਾਰ ਗੰਡਾ ਸਿੰਘ ਪਿੱਛੇ ਰੈਹ ਗਿਆ। ਅਗੇ ਵਿੰਗ ਫੇਰ ਸੀ ਪਹਾੜ ਚੜ੍ਹਦਾ। ਪਿਛੇ ਗੰਡਾ ਸਿੰਘ ਸਰਦਾਰ ਲੜਦਾ। ਈਰਾਨੀਆਂ ਦਾ ਫੈਰ ਸਰਦਾਰ ਸੈਹ ਗਿਆ। ਰਸਾਈਦਾਰ ਗੰਡਾਸਿੰਘ ਪਿੱਛੇ ਰੈਹ ਗਿਆ।

ਅਗੇ ਨਹੀਂ ਖਵਰ ਪਿਛੇ ਕੀ ਗੁਜ਼ਾਰੀ ਸੀ।ਦੁਸ਼ਮਨ ਵਾਲੀ ਤੂਰਪ ਉਤੇ ਮਾਰੀ ਸੀ। ਕਰ ਡਿਸਮੌਂਟ ਸਰਦਾਰ ਬੈਹ ਗਿਆ। ਰਸਾਈਦਾਰ ਗੰਡਾ ਸਿੰਘ ਪਿੱਛੇ ਰੈਹ ਗਿਆ। ਤੁਸਾਂ ਜੀ ਨਸ਼ਾਨੇ ਉਤੇ ਗੋਲੀ ਮਾਰਨੀ। ਹੋਰ ਕੋਈ ਬਾਤ ਹੁਣ ਨਾ ਵਿਚਾਰਨੀ। ਅਗੇ ਭੇਜੋ ਖਵਰ ਤੁਰਕ ਪਿਛੇ ਪੈ ਗਿਆ। ਰਸਾਈਦਾਰ ਗੰਡਾ ਸਿੰਘ ਪਿਛੇ ਰੈਹ ਗਿਆ। ਡਿਸਮੌਂਟ ਹੋਕੇ ਆੜਾਂ ਨੇ ਸਮਾਲੀਆਂ। ਈਰਾਨੀਆਂ ਨੇ ਫੇਰ ਝਟ ਚਾਂਗਾ ਮਾਰੀਆਂ। ਸਾਨੂੰ ਜੀ ਫਿਕਰ ਵੇਰ ਹੋਰ ਪੈ ਗਿਆ। ਰਸਾਈਦਾਰ ਗੰਡਾਸਿੰਘ ਪਿਛੇ ਰੈਹ ਗਿਆ। ਆਖਦੇ ਈਰਾਨੀ ਅਸਾਂ ਨਹੀਂ ਲੜਨਾ। ਸਾਡਾ ਕੰਮ ਆਪ ਜੀ ਖੁਦਾ ਕਰਨਾ। ਉਨ ਸਰਦਾਰ ਫੇਰ ਰਾਹੇ ਪੈ ਗਿਆ। ਰਸਾਈਦਾਰ ਗੰਡਾ ਸਿੰਘ ਪਿਛੇ ਰੈਹ ਗਿਆ। ਅਠ ਵਜੇ ਪਹੁੰਚੇ ਸੀ ਪੜਾ ਆਇਕੇ। ਕੀਤੀ ਸੂ ਰਪੋਟ ਸਾਹਿਬਪਾਸ ਜਾਇਕੇ। ਅਜ ਪਿਛੇ ਸਾਨੂੰ ਜੀ ਵਕਤ ਪੈਗਿਆ। ਰਸਾਈ ਦਾਰ ਗੰਡਾ ਸਿੰਘ ਪਿਛੇ ਰੈਹ ਗਿਆ॥ ਦੇਖਦੇ ਨੇ ਜਗਾ ਮੋਰਚੇ ਦੇ ਵਾਸਤੇ। ਵਿਚ ਤਾਂਸਰਾਂ ਬੋਲਦੇ ਨੇ ਆਸਤੇ। ਸੰਤਾ ਸਿੰਘ ਕੀਤਾ ਰਖਦਾ ਮੈਂ ਸੈਹ ਗਿਆ। ਰਸਾਈਦਾਰ ਗੰਡਾ ਸਿੰਘ ਪਿਛੇ ਰੈਹ ਗਿਆ॥ ਸੂਬਾ ਕੂਚ ਕੋਰੜਾ ਛੰਦ ॥ ਸੂਬਾ ਕਰ ਫਾਮ ਹੁਕਮ ਸੁਨਾਂਵਦਾ। ਰਸਾਈਦਾਰ ਅਨੂਪ ਸਿੰਘ ਬਾਂਏ ਜਾਂਵਦਾ। ਅਜ ਤੁਸਾਂ ਚਲਣਾ ਹੁਸ਼ਿਆਰ ਹੋਇਕੇ। ਰਸਤੇ ਨੇ ਦੋ ਦਸਦਾ ਖਲੋਇਕੇ। ਡੇਢ ਮੈਲ ਉਤੇ ਰਾਹ ਹੋਰ ਆਂਵਦਾ। ਰਸਾਈਦਾਰ ਅਨੂਪ ਸਿੰਘ ਬਾਂਏ ਜਾਂਵਦਾ। ਅਜ ਪੈ

ਪਹਾੜੀਆਂਦੇ ਉਤੇ ਚੜ੍ਹਦੇ। ਦਿਲ ਵਿੱਚ ਸ਼ੋਰ ਹੈ ਜੁਵਾਨ ਕਰਦੇ॥ ਰਾਮ ਸਿੰਘ ਲੈਸ ਅਗੇ ਅਗੇ ਜਾਂਵਦਾ॥ ਰਸਾਈਦਾਰ ਅਨੂਪ ਸਿੰਘ ਬਾਏਂ ਜਾਂਵਦਾ॥ ਡਿਸਮੌਂਟ ਕਰਕੇ ਸਕੌਂਟ ਘਲਿਆ॥ ਜਮਾਦਾਰ ਦਹਿਨੇ ਰਸਤੇ ਸੀ ਚਲਿਆ। ਦਹਿਨੇ ਹਥ ਰਸਤਾ ਸੀ ਥੋੜ੍ਹਾ ਸਾਫ ਜੀ। ਲਿਖ ਦਾ ਨਾ ਝੂਠ ਦੇਖਿਆ ਮੈਂ ਆਪ ਜੀ। ਸਾਰਾ ਵਿੰਗ ਦਖ ਸਾਡੇ ਪਿਛੇ ਆਂਵਦਾ। ਰਸਾਈਦਾਰ ਅਨੂਪ ਸਿੰਘ ਬਾਂਏਂ ਜਾਵਿਦਾ। ਵਿਚ ਤਾਂ ਮੈਂਦਾਂਨ ਰਾਹ ਇਕ ਹੋਇਆ ਸੀ। ਜਮਾਦਾਰ ਓਥੇ ਜਾਕੇ ਖਲੋਇਆ ਸੀ। ਫੇਰ ਖਵਰ ਰਾਂਮ ਸਿੰਘ ਸੀ ਲਿਆਂਵਦਾ। ਰਸਾਈਦਾਰ ਅਨੂਪ ਸਿੰਘ ਮਿਲ ਜਾਂਵਦਾ। ਮਿਲੇ ਜਾਂ ਜੁਵਾਨ ਸੁਖ ਜੀ ਪੁਛਾਂਵਦੇ। ਬੈਠਕੇ ਜੁਵਾਂਨ ਸਬ ਖਾਣਾਂ ਖਾਂਵਦੇ। ਲੈਕੇ ਹਥ ਚਿਠੀ ਮੂਲਾ ਸਿੰਘ ਚਲਦਾ। ਕੈਟਵਲ ਸਾਹਿਬ ਸੀ ਹੁਕਮ ਘਲਦਾ। ਦਸਤੇ ਅ੍ਜੰਨ ਜੀ ਪੜਾਇ ਕਰਨਾ। ਗਾਂਮ ਵਿਚ ਕਿਸੇ ਨਾ ਜੁਵਾਨ ਵੜਨਾ। ਤਾਰਘਰ ਅਜ ਕਰਨੈਲ ਮਲਦਾ। ਰਸਾਈਦਾਰ ਅਨੂਪ ਸਿੰਘ ਆਗੇ ਚਲਦਾ। ਦਾਨਾਂ ਤੂੜੀ ਲੈਣ ਗਾਂਮ ਵਿੱਚੋਂ ਜਾਇਕੇ। ਬੈਠ ਗਏ ਜੁਵਾਨ ਸਬ ਡੇਰੇ ਲਾਇਕੇ। ਦੁਖ ਬੁਰਾ ਕੂਚਦਾ ਨਾ ਕੋਈ ਝਲਦਾ। ਸੈਤਾਸਿੰਘ ਦਸਦੇ ਹੁਵਾਲ ਕਲਦਾ॥ ਸੂਬੇ ਕੂਚ ਕੋਰੜਾ ਛੰਦ॥ ਦਸ ਜੀ ਤਰੀਕ ਘਾਟੀ ਫੇਰ ਚੜ੍ਹਦਾ। ਖਾਨੇ ਜੰਨਿਆਨ ਹੈ ਪੜਾ ਕਰਦਾ। ਓਸੇ ਤਰਾਂ ਫੌਜ ਸਾਰੀ ਦਿਤੀ ਵੰਡ ਜੀ। ਦਹਿਨੇ ਹੈ ਪਹਾੜ ਦਿਸਦਾ ਬਲੰਦ ਜੀ। ਵਲ ਜੀ ਪਹਾੜ ਦੇ

ਧਿਆਨ ਧਰਦਾ। ਖਾਨੇ ਜੰਨਿਆਣ ਹੈ ਪੜ੍ਹਾ ਕਰਦਾ। ਅਜ
ਦਿਨ ਠੰਡ ਦਾ ਵੰਡੋ ਸ਼ਰਾਬ ਨੂੰ। ਅਜ ਬਹੁਤ ਠੰਡ ਕੀ
ਕਰਾਂਗੇ ਰਾਤ ਨੂੰ। ਪੁਛੇ ਅਤਰਸਿੰਘ ਕੀ ਅਲਾਜ ਕਰਦਾ।
ਖਾਨੇ ਜੰਨਿਆਣ ਹੈ ਪੜ੍ਹਾ ਕਰਦਾ। ਕੋਤ ਦਫੇਦਾਰ ਜੀ ਸ਼ਰਾਬ
ਵੰਡਦਾ। ਆਖਦਾ ਜੁਵਾਨੋਂ ਦਿਨ ਅਜ ਠੰਡ ਦਾ। ਪਾਸ
ਸਰਦਾਰ ਦਾਰੂ ਜਾਇ ਧਰਦਾ। ਖਾਨੇ ਜੰਨਿਆਣ ਹੈ
ਪੜ੍ਹਾ ਕਰਦਾ। ਜੋੜੀ ਪਿਛੇ ਅਧ ਪਾ ਦਿਓ ਆਪ ਜੀ। ਐਸੀ
ਵੰਡ ਕਰੋ ਕੰਮ ਆਵੇ ਰਾਸ ਜੀ। ਅਧਪਾ ਦਿਤਿਆਂ ਨਹੀਂ
ਕੰਮ ਸਰਦਾ। ਖਾਨੇ ਜੰਨਿਆਣ ਹੈ ਪੜ੍ਹਾ ਕਰਦਾ। ਤਿਨਾ
ਪਿਛੇ ਅਧਪਾ ਦਿਓ ਵੰਡ ਜੀ। ਬਰਸ ਦਾ ਹੈ ਮੀਂਹ ਅੱਜ
ਹੈ ਠੰਡ ਜੀ। ਸੰਤਾ ਸਿੰਘ ਜਿਕਰ ਅਗੇ ਦਾ ਕਰਦਾ। ਖਾਨੇ
ਜੰਨਿਆਣ ਹੈ ਪੜ੍ਹਾ ਕਰਦਾ ॥ ਜੁਵਾਨਾ ਦਾ ਜੁਵਾਬ ॥
ਕਬਿੱਤ ॥ ਵੰਡੀ ਜਾਂ ਸ਼ਰਾਬ ਤਾਂ ਵਿਚਾਰ ਫੇਰ ਕਰਦੇ ਨੇ ਅਧ
ਪਾ ਸ਼ਰਾਬ ਕੀ ਹੈ ਮੁਛਾਂ ਨੂੰ ਲਗਾਵਣੀ। ਏਹ ਵੀ ਆਪ
ਰਖਦਾ ਸਮਾਲ ਯਾਰ ਕੁਪੀ ਵਿਚ ਤਿਨਾ ਪਿਛੇ ਅੱਧ ਪਾ
ਕੀ ਦਸ ਕੰਮ ਆਵਣੀ। ਇਹੋ ਜਿਹਾ ਰਾਸਨ ਜੇ ਮਿਲੇ
ਯਾਰੋ ਲਾਮ ਉਤੇ ਫੇਰ ਕੀ ਜੁਵਾਨਾ ਪੂਰੀ ਫੀਲਡ ਵਿੱਚ
ਪਾਵਣੀ। ਅਜ ਤਾਂ ਸਬਰ ਕਰ ਬੈਠ ਤੂੰ ਸੰਤਾ ਸਿੰਘਾ ਚਲਕੇ
ਸ਼ੀਰਾਜ਼ ਖਬਰ ਸਾਹਿਬ ਨੂੰ ਪੁਚਾਵਣੀ ॥ ਕਬਿੱਤ ॥ ਕੋਤ
ਦਫੇਦਾਰ ਸਰਦਾਰ ਪਾਸ ਆਖਦਾ ਸੀ ਕੋਈ ਨਾ ਜੁਵਾਨ
ਜੀ ਸ਼ਰਾਬ ਲੈਣ ਆਂਵਦਾ। ਦੋ ਘੰਟੇ ਬੈਠ ਪਾਸ ਰੰਮ ਦੇ
ਗੁਜ਼ਾਰ ਦਿਤੇ ਮਾਰ ਮਾਰ ਵਾਜਾਂ ਮੈਂ ਬਤੇਰਾ ਜੋਰ ਲਾਂਵਦਾ।

ਆਂਵਦੀ ਹੈ ਚੀਜ ਸਾਨੂੰ ਉਪਰੋਂ ਤੁਮਾਮ ਪੂਰੀ ਰਸਤੇ ਦੇ ਵਿੱਚ ਫੇਰ ਦਸ ਕੇੜਾ ਖਾਂਵਦਾ। ਆਇਆ ਸਰਦਾਰ ਪਾਸ ਰੰਮ ਦੇ ਮੈਤਾ ਸਿੰਘਾ ਮਾਰ ਮਾਰ ਵਾਜਾਂ ਤਾਂ ਜੁਵਾਨਾਂ ਨੂੰ ਬੁਲਾਂਵਦਾ॥ ਦੋਹਰਾ॥ ਝਗੜਾ ਏਹ ਤੂੰ ਛਡਕੇ ਅਗਲਾ ਦਸ ਹਵਾਲ। ਪਾਣੀ ਬਰਸੇ ਜੋਰ ਦਾ ਹੋਇਆ ਹਾਲ ਬਿਹਾਲ॥ ਸੂਬੇ ਕੂਚ ਦਾ ਹਾਲ॥ ਕਬਿੱਤ॥ ਵਿਚ ਤਾਂ ਸ਼ੀਰਾਜ਼ ਯਾਰ ਪਹੁੰਚਨਾ ਸ਼ਤਾਬ ਫੇਰ ਰਸਤਾ ਹੈ ਸਾਫ ਜੀ ਜਰੂਰ ਪਹੁੰਚ ਜਾਵਣਾ। ਹੋਈ ਜਦੋਂ ਟਾਪ ਲੋਕ ਉਠੇ ਨੇ ਸ਼ਤਾਬ ਫੇਰ ਦੇਖੀ ਬਰਸਾਤ ਤਾਂ ਪਛਾੜ ਸਬ ਜਾਵਣਾ। ਅਵਲ ਸਕੌਡੰਨ ਚੁਨਾਰਦੇ ਮੇਂ ਰਹਿ ਰਾਤ ਬੀ ਤਾਂ ਸਕੌਂਡਨ ਜਰੂਰ ਧੁਰ ਜਾਵਣਾ। ਸਿੰਤਾ ਸਿੰਘ ਪਾਣੀ ਸਾਥ ਭੇਜਿਆ ਸਮਾਨ ਸਾਰਾ ਹੁੰਦਾ ਹੈ ਮਾਲੂਮ ਅਜ ਬਹੁਤ ਦੁਖ ਪਾਵਣਾ॥ ਕੋਰੜਾ ਛੰਦ॥ ਨੌਕਰੀ ਦੀ ਕਾਰ ਪੇਛ ਨਹੀਂ ਜਾਂਵਦੀ। ਭਾਰ ਬਰਦਾਰੀ ਸਾਡੇ ਪਿਛੇ ਆਂਵਦੀ। ਰਸਤੇ ਮੇਂ ਪਾਣੀ ਫੇਰ ਲਾਇਆ ਜੋਰ ਜੀ। ਕੰਨ ਲਾਕੇ ਸੁਨਾ ਨਾ ਮਚਾਓ ਸ਼ੋਰ ਜੀ। ਥੋੜੀ ਦੂਰ ਤਾਕ ਨਦੀ ਸਾਥ ਜਾਂਵਦੀ। ਭਾਰ ਬਰਦਾਰੀ ਸਾਡੇ ਪਿਛੇ ਆਂਵਦੀ। ਸਾਥ ਬਰਸਾਤ ਦੇ ਚਿਕੜ ਹੋਂਵਦਾ। ਠਰ ਗਏ ਸੀ ਹਥ ਕੰਮ ਨਹੀਂ ਹੋਂਵਦਾ। ਚੁਨਾਰ ਦੇ ਪੜਾ ਰਾਤ ਪੈ ਜਾਂਵਦੀ। ਭਾਰ ਬਰਦਾਰੀ ਸਾਡੇ ਪਿਛੇ ਆਂਵਦੀ। ਹੋਗਿਆ ਹੁਕਮ ਜੀ ਸ਼ੀਰਾਜ ਜਾਵਣਾ। ਸਾਰਾ ਮੈਗਜੀਨ ਏਥੇ ਛਡ ਜਾਵਣਾ। ਪਾਣੀ ਸਾਥ ਭਿਜਗੇ ਸੀ ਸਾਰੇ ਕਪੜੇ। ਨੌਂ ਵਜੇ ਫੇਰ ਸਾਂ ਸ਼ੀਰਾਜ ਅਪੜੇ। ਰਾਤ ਹੈ ਅੰਧੇਰੀ ਪੇਸ਼ ਨਹੀਂ ਜਾਂਵਦੀ। ਭਾਰ ਬਰਦਾਰੀ ਸਾਡੇ

ਪਿਛੇ ਆਂਵਦੀ। ਟੁਟਿਆ ਹਰਾਸ ਅਜ ਫੇਰ ਸਬਦਾ। ਢੂੰਡਿਆ ਬਤੇਰਾ ਨਾ ਪੜਾ ਲਭਦਾ। ਅਗੇ ਰਾਤ ਆਈ ਫੇਰ ਮੂੰਹ ਆਂਵਦੀ। ਭਾਰ ਬਰਦਾਰੀ ਸਾਡੇ ਪਿਛੇ ਆਂਵਦੀ। ਰਬਨੇ ਸਬਬ ਦੇਖੋ ਫੇਰ ਲਾਇਆ ਸੀ। ਕੌਂਸਲ ਦਾ ਬਾਗ ਥਾਂਏ ਹਥ ਆਇਆ ਸੀ। ਬੋਲਿਆ ਜੁਵਾਨ ਫੌਜ ਕਿਥੇ ਜਾਂਵਦੀ। ਭਾਰ ਬਰਦਾਰੀ ਸਾਡੇ ਪਿਛੇ ਆਂਵਦੀ। ਸਾਡੇ ਸਾਥ ਚਲਕੇ ਬਤਾਦੇ ਆਪ ਜੀ। ਜਿਥੇ ਅਸਾਂ ਕਟਨੀ ਹੈ ਅਜ ਰਾਤਜੀ। ਜੇੜੀ ਰਿਥੇ ਗਾਣ ਰਸਤਾ ਬਤਾਂਵਦੀ। ਭਾਰ ਬਰਦਾਰੀ ਸਾਡੇ ਪਿਛੇ ਆਂਵਦੀ। ਸਾਨੂੰ ਇਕ ਬਾਗ ਵਿੱਚ ਜਾਕੇ ਵਾੜਿਆ ਅੰਦਰੇ ਸਮਾਨ ਸਾਰਾ ਜੀ ਉਤਾਰਿਆ। ਬਹੁਤ ਸੀ ਚਿਕੜ ਘੋੜੇ ਵਿੱਚ ਵਾੜਦਾ। ਭਾਰ ਬਰਦਾਰੀ ਅੰਦਰ ਉਤਾਰਦਾ। ਦੁਖੀ ਬਹੁਤ ਹੋਇਕੇ ਸਮਾਨ ਲਾਹਿਆ ਸੀ। ਘੋੜਿਆਂ ਨੂੰ ਤੂੜੀ ਦਾਨਾ ਘਾਸ ਪਾਇਆ ਸੀ।

॥ ਸਵੇਰ ਦਾ ਹੁਵਾਲ ॥ ਕੋਰੜਾ ਛੰਦ ॥ ਦੁਖਾਂ ਵਾਲੀ ਰਾਤ ਅਸਾਂ ਜੀ ਲੰਘਾਂਵਦੇ। ਸੁਬੇ ਘੋੜੇ ਟਟੂ ਨਦੀ ਵਿੱਚ ਲਾਂਵਦੇ। ਅਠ ਵਜੇ ਅਵਲ ਸਕੌਡਰਨ ਆਂਵਦਾ। ਓਵੀ ਸਾਡੇ ਪਾਸ ਨਦੀ ਵਿੱਚ ਲਾਂਵਦਾ। ਕੋਈ ਦੇਖੇ ਬਾਗ ਕੋਈ ਸ਼ਹਿਰ ਜਾਂਵਦੇ। ਸੁਬੇ ਘੋੜੇ ਟਟੂ ਨਦੀ ਵਿੱਚ ਲਾਂਵਦੇ। ਸਾਡੇ ਸਾਥ ਕਰਦੇ ਈਰਾਨੀ ਬਾਤ ਜੀ। ਪੁਛਦੇ ਨੇ ਸਾਨੂੰ ਦਸੋ ਕੇੜੀ ਜਾਤ ਜੀ। ਬੁਰੋ ਬੁਰੋ ਕਰ ਪਿਛੇ ਹਾਂ ਹਟਾਂਵਦੇ। ਸੁਬੇ ਘੋੜੇ ਟਟੂ ਨਦੀ ਵਿਚ ਲਾਂਵਦੇ। ਅਠਾਰਾਂ ਜੀ ਤਰੀਕ ਫੇਰ ਕੂਚ ਕਰਨਾ। ਫਾਲਤੂ ਸਮਾਂਨ ਜੀ ਸ਼ੀਰਾਜ ਧਰਨਾ।

ਉਨਿੰਜਾ ਹੀ ਜਵਾਨ ਤੁਰਪ ਵਿਚੋਂ ਜਾਂਵਦੇ। ਸੁਥੇ ਘੋੜੇ ਟਟੂ ਨਦੀ ਵਿਚ ਲਾਂਵਦੇ। ਜੇਹੜੇ ਮਜਬੂਤ ਨੇ ਪਸੰਦ ਜਾਪਦੇ। ਚੌਦਾਂ ਪੂਰੇ ਕਰਦੇ ਤੁਰਪ ਆਪਦੇ। ਛਡਣੇ ਬਿਮਾਰ ਹੁਕਮ ਸੁਨਾਂਵਦੇ। ਸੁਥੇ ਘੋੜੇ ਟਟੂ ਨਦੀ ਵਿਚ ਲਾਂਵਦੇ। ਦੋ ਦੋ ਸੈ ਰੌਂਦ ਸਭ ਨੂੰ ਦੁਆਂਵਦੇ। ਅਠਾਰਾਂ ਜੀ ਤਰੀਕ ਕੂਚ ਹੈ ਕਰਾਂਵਦੇ। ਸੰਤਾ ਸਿੰਘ ਹਾਲ ਕੂਚ ਦਾ ਬਤਾਂਵਦੇ। ਸੁਥੇ ਘੋੜੇ ਟਟੂ ਨਦੀ ਵਿਚ ਲਾਂਵਦੇ॥ ਕੂਚ ਦੀ ਤਿਆਰੀ

ਕਬਿਤ॥ ਚਾਰ ਰੋਜ ਕਰੋ ਖਾਂ ਅਰਮਾਨ ਜੀ ਸ਼ੀਰਾਜ ਵਿਚ ਫੇਰ ਅੱਗੇ ਚਲਣਾਂ ਅਸਫਹਾਨ ਸ਼ਹਿਰ ਦਸਦੇ। ਅਨਾਰ ਤਾਂ ਅੰਗੂਰ ਲੋਕ ਖਾਂਵਦੇ ਮਜ਼ੇ ਦੇ ਨਾਲ ਦੇਖ ਦੇਖ ਸਾਨੂੰ ਨੇ ਈਰਾਨੀ ਲੋਕ ਹਸਦੇ। ਅਠਾਰਾਂ ਜੀ ਤਰੀਕ ਨੂੰ ਜ਼ਰੂਰ ਕੂਚ ਹੋਵਣਾਂ ਹੈ ਘੋੜੇ ਟਟੂ ਆਪ ਨੂੰ ਸਫਾਈ ਸਾਥ ਦਸਦੇ। ਸੰਤਾ ਸਿੰਘ ਪਿਛਲੇ ਖਿਆਲ ਨੂੰ ਸ਼ੀਰਾਜ ਛਡ ਅਗ਼ਾ ਦੇ ਸ਼ਹਿਰ ਜਾਂਣਦਾ ਹੁਵਾਲ ਕੂਲ ਦਸਦੇ॥

ਦੋਹਿਰਾ॥ ਵਿਚ ਸ਼ੀਰਾਜ ਜੋ ਛਡਣੇ ਦਸਦਾ ਸਭ ਦਾ ਨਾਮ। ਗੰਡਾ ਸਿੰਘ ਸਰਦਾਰ ਸੀ ਉਨੱਤੀ ਛਡੇ ਜਵਾਨ॥

ਦੋ:॥ ਅਸਫਹਾਨ ਸ਼ਹਿਰ ਨੂੰ ਚਲਿਆ ਅਵਲ ਸਕੌਡਰਨ ਜਾਨ। ਛਿਆਨਵੇਂ ਚਲੇ ਸਾਥ ਸੀ ਬਾਕੀ ਪਾਸ ਸਮਾਨ॥

ਦੋ:॥ ਦੋਸਤਾਂ ਮੈਨੂੰ ਆਖਿਆ ਨਾ ਲਿਖ ਇਕ ਇਕ ਨਾਮ। ਮੱਦਤ ਵਾਸਤੇ ਜਾਂਵਦੇ ਛਿਆਨਵੇਂ ਕੁਲ ਜਵਾਨ॥

ਕੂਚ ਦਾ ਹਾਲ ਅਸਫਹਾਨ ਨੂੰ॥ ਕੋਰੜਾ ਛੰਦ॥

ਦੋਸਤਾਂ ਦੇ ਅੱਗੇ ਨਾ ਉਜਰ ਕਰੀਏ। ਕਹਿਨ ਜੋ ਸਵਾਲ

ਸਿਰ ਮਥੇ ਧਰੀਏ। ਤਿਨੋਂ ਹਥਿਆਰ ਕਾਰਤੂਸ ਕੋਲਜੀ।
ਲਿਖਣਾਂ ਸੀ ਏਥੇ ਥੋੜਾ ਹਾਲ ਹੋਰ ਜੀ। ਠਾਰਾਂ ਹੀ ਤਰੀਕ
ਵਿੰਗ ਦਿਤਾ ਤੋਰ ਜੀ। ਰਾਜ ਅੰਗਰੇਜੀ ਦਾ ਬੜਾ ਹੈ ਜੋਰ
ਜੀ। ਚੁਪ ਕਰ ਚਲੋ ਨਾ ਮਚਾਓ ਸ਼ੋਰ ਜੀ। ਲਿਖਣਾਂ ਸੀ
ਏਥੇ ਥੋੜਾ ਹਾਲ ਹੋਰ ਜੀ। ਕੂਚ ਦਾ ਸਮਾਨ ਫੇਰ ਲਿਆ
ਲਦ ਜੀ। ਵਿਚ ਜਰਗੂੰਨ ਪਹੁੰਚਨਾ ਹੈ ਅਜ ਜੀ। ਸਾਬਸੀ
ਮਾਸ਼ੀਨ ਵਿੰਗ ਲਿਆ ਤੋਰ ਜੀ। ਲਿਖਣਾਂ ਸੀ ਏਥੇ ਥੋੜਾ
ਹਾਲ ਹੋਰ ਜੀ। ਵਿਚ ਜਰਗੂੰਨ ਜੀ ਪੜਾ ਕਰਦੇ। ਸਾਹਿਬ
ਲੋਕ ਵਿਚ ਜੀ ਸਰਾਂ ਵੜਦੇ। ਕੋਈ ਨਾ ਸਾਥ ਬਰਿਗੇਡ
ਹੋਰ ਜੀ। ਲਿਖਣਾਂ ਸੀ ਏਥੇ ਥੋੜਾ ਹਾਲ ਹੋਰ ਜੀ। ਬਸੰਤ
ਸਿੰਘ ਜਮਾਦਾਰ ਨੂੰ ਜੀ ਬੋਲਦੇ। ਜਦੋਂ ਚਿਤ ਸਾਹਿਬ
ਲੋਕਾਂ ਦੇ ਜੀ ਡੋਲਦੇ। ਸੰਤਾਸਿੰਘ ਤੁਰਪ ਲਿਆਈਂ ਕੋਲਜੀ
। ਲਿਖਣਾ ਸੀ ਏਥੇ ਥੋੜਾ ਹਾਲ ਹੋਰ ਜੀ। ਘੋੜੇ ਟਟੂ ਸਾਂਭ
ਦੇਖਿਆ ਸੀ ਗਾਂਮ ਜੀ। ਜਿਸਦਾ ਤੁਹਾਨੂੰ ਦਸਿਆਸੀ ਨਾਮ
ਜੀ। ਸੁਬੇ ਏਸ ਜਗਾ ਥੋਂ ਹੈ ਕੂਚ ਕਰਨਾ। ਗਾਂਮਜੀ ਚਨਾਰ
ਦੇ ਪੜਾ ਕਰਨਾ। ਯਾਰਾਂ ਬਜੇ ਫੇਰ ਓਥੇ ਪਹੁੰਚ ਜਾਂਵਦੇ।
ਘੋੜੇ ਟਟੂ ਬੰਨ ਫੇਰ ਡੇਰੇ ਲਾਂਵਦੇ। ਇਕ ਹੋਰ ਜਗਾ ਦਿ-
ਸਦੀ ਤਮਾਮ ਨੂੰ। ਚਲਾਂਗੇ ਜਰੂਰ ਦੇਖਣੇ ਜੀ ਸ਼ਾਂਮ ਨੂੰ।
ਸਾਹਿਬ ਸਰਦਾਰ ਦਿਖਣੇ ਨੂੰ ਜਾਂਵਦੇ। ਘੋੜੇ ਟਟੂ ਬੰਨ
ਫੇਰ ਡੇਰੇ ਲਾਂਵਦੇ। ਤਖਤ ਸ਼ਮਸ਼ੇਰ ਨਾਮ ਏਦਾ ਦਸਿਆ।
ਬਾਦਸ਼ਾਹ ਜਰੂਰ ਏਸ ਜਗਾ ਵਸਿਆ। ਕਈ ਅਸਵਾਰ
ਕਈ ਭੈਨੇ ਜਾਂਵਦੇ। ਘੋੜੇ ਟਟੂ ਬੰਨ ਫੇਰ ਡੇਰੇ ਲਾਂਵਦੇ।

ਸ਼ਹਿਰ ਸੀ ਪੁਰਾਣਾਂ ਦੇਖਿਆ ਪਿਆਰਿਆ। ਸਾਹਿਬ ਲੋਕਾਂ ਫੋਟੋ ਓਸਦਾ ਉਤਾਰਿਆ। ਦੇਖੀ ਸਬ ਜਗਾ ਫੇਰ ਮੁੜ ਆਂਵਦੇ। ਘੋੜੇ ਟਟੂ ਬੰਨ ਫੇਰ ਡੇਰੇ ਲਾਂਵਦੇ। ਬੀਸ ਤਾਂ ਤਰੀਕ ਸੁਬੇ ਏਥੋਂ ਉਠਦੇ। ਰਸਤਾ ਕਵਾਮਾਵਾਦ ਦਾ ਜੀ ਪੁਛਦੇ। ਨੌਕਰੀ ਖਜਾਨੇ ਸਾਥ ਦਿਤੀ ਬੋਲ ਜੀ। ਛੇ ਤਾਂ ਜਵਾਨ ਛਡੇ ਮੇਰੇ ਕੋਲ ਜੀ। ਸਿੰਤਾ ਸਿੰਘ ਨਦੀ ਉਤੇ ਪਹੁੰਚ ਜਾਂਵਦੇ। ਘੋੜਿਆਂ ਨੂੰ ਦਾਨਾ ਪਾਨੀ ਜੀ ਛੜਾਂਵਦੇ॥

ਦੋਹਰਾ ॥ ਏਸ ਨਦੀ ਕੇ ਵੀਚ ਮੇਂ ਗਿਰਿਆ ਖਚਰ ਆਨ। ਪਾਂਨੀ ਚਲੇ ਜੋਰ ਸੇ ਰੁੜਦਾ ਜਾਏ ਸਮਾਨ॥

ਘੂਰਨਾ ਸਰਦਾਰ ਨੇ॥ ਕੋਰੜਾ ਛੰਦ॥ ਮੈਂ ਤਾਂ ਝਟ ਪਾਰ ਨਦੀ ਲੰਘ ਜਾਂਵਦਾ। ਜਮਾਦਾਰ ਨਥਾਸਿੰਘ ਪਿਛੋਂ ਆਂਵਦਾ। ਪੁਛੇ ਜਮਾਦਾਰ ਏਥੇ ਕੀ ਬਨਾਂਵਦਾ। ਤੇਰੇ ਹੁੰਦੇ ਰੁੜਿਆ ਸਮਾਨ ਜਾਂਵਦਾ। ਪੇਸ਼ ਅਜ ਕਰੂੰ ਤੈਨੂੰ ਹਾਂ ਸੁਨਾਂਵਦਾ। ਜਮਾਦਾਰ ਨਥਾਸਿੰਘ ਪਿਛੋਂ ਆਂਵਦਾ। ਈਰਾਨੀਆਂ ਨੂੰ ਮਾਰੇ ਬੈਂਤ ਕੱਸ ਕੱਸਕੇ। ਆਖਦਾ ਸਮਾਨ ਤੁਸੀ ਫੜੋ ਨਸਕੇ। ਆਪਨੀ ਮੈਂ ਨੌਕਰੀ ਖਰੀ ਵਜਾਂਵਦਾ। ਜਮਾਦਾਰ ਨੱਥਾਸਿੰਘ ਪਿਛੋਂ ਆਂਵਦਾ। ਤੋਰਿਆ ਖਜਾਨਾ ਮੇਗਜੀਨ ਸਾਥ ਜੀ। ਲਦਕੇ ਸਮਾਨ ਤਾਂ ਲਿਆਓ ਆਪ ਜੀ। ਸਮਾਂਨ ਨੂੰ ਕਢਾਕੇ ਫੇਰ ਪਾਰ ਆਂਵਦਾ। ਜਮਾਦਾਰ ਨੱਥਾਸਿੰਘ ਪਿਛੋਂ ਆਂਵਦਾ। ਹੋਕੇ ਹੁਦੇਦਾਰ ਗਲਤੀ ਹੈਂ ਕਰਦਾ। ਮੈਂ ਸਰਦਾਰ ਮੈਥੋਂ ਨਹੀਂ ਤੂੰ ਡਰਦਾ। ਆਇਆ ਸੀ ਤਰਾਟ ਹੁਣ ਵਾਕ ਜਾਂਵਦਾ। ਜਮਾਦਾਰ ਨੱਥਾਸਿੰਘ ਪਿਛੋਂ ਆਂਵਦਾ। ਪੁਛਦਾ ਸੀ ਬਾਤ ਮੇਰੇ

ਪਾਸ ਆਂਨਕੇ। ਦਿਤਾ ਸੀ ਜਵਾਬ ਸਰਦਾਰ ਜਾਂਨਕੇ। ਛਡ ਕੇ ਖਜਾਂਨਾ ਕੰਮ ਕੀ ਬਨਾਂਵਦਾ । ਜਮਾਦਾਰ ਨੱਥਾਸਿੰਘ ਪਿਛੋਂ ਆਂਵਦਾ। ਹੁੰਦਾ ਜੇ ਮੈਂ ਖਾਲੀ ਕੰਮ ਸਾਰੇ ਕਰਦਾ। ਵਰਦੀ ਸਮੇਤ ਨਦੀ ਵਿਚ ਵੜਦਾ। ਛਡਕੇ ਖਜਾਨਾਂ ਜੀ ਮੈਂ ਸਜਾ ਪਾਂਵਦਾ। ਜਮਾਦਾਰ ਨੱਥਾਸਿੰਘ ਪਿਛੋਂ ਆਂਵਦਾ। ਲਿਖਣਾਂ ਹਵਾਲ ਸਾਰਾ ਹੈ ਮਹਲ ਜੀ। ਏਵੀ ਤਾਂ ਪੜਾ ਛਡ ਜਾਣਾ ਕਲ ਜੀ। ਸਿਤਾਸਿੰਘ ਫੇਰ ਜੀ ਸਮਝ ਜਾਂਵਦਾ। ਜਮਾਦਾਰ ਨੱਥਾਸਿੰਘ ਪਿਛੋਂ ਆਂਵਦਾ॥

ਕਬਿਤ ॥ ਕੂਚਦਾ ਹਵਾਲ ਕੀ ਮੈਂ ਰੋਜ ਰੋਜ ਦਸਨਾ ਹੈ ਪੜ੍ਹਕੇ ਤਾਂ ਕਿੱਸਾ ਤੁਸੀਂ ਸੋਚ ਲਊ ਆਪ ਜੀ। ਕਵਾਮਾਂ ਵਾਦ ਛਡਕੇ ਮੁਰਗਾਬ ਨੂੰ ਤੂੰ ਕਰ ਕੂਚ ਉਹੋ ਨੇ ਪਹਾੜ ਬੜਾ ਰਸਤਾ ਖਰਾਬ ਜੀ। ਨਦੀ ਦੇ ਕਨਾਰੇ ਪਹਾੜ ਕਟਕੇ ਬਨਾਇਆ ਰਾਹ ਰਸਤਾ ਖਰਾਬ ਅਸਾਂ ਲੰਘਣਾ ਸ਼ਤਾਬ ਜੀ। ਸੰਤਾ ਸਿੰਘ ਫਾਰਸੀ ਤਮਾਮ ਲੋਕ ਬੋਲਦੇ ਨੇ ਅਸੀਂ ਕਹੀਏ ਪਾਣੀ ਓਹ ਤਾਂ ਆਖਦੇ ਨੇ ਆਬ ਜੀ॥

ਸਰਦੀ ਦਾ ਹਾਲ ॥ ਕੋਰੜਾ ਛੰਦ ॥ ਮੁਰਗਾਬ ਗਾਮ ਵਿਚ ਜੀ ਪੜਾ ਕਰਦੇ। ਹਵਾ ਬਹੁਤ ਚਲਦੀ ਜੁਵਾਨ ਠਰਦੇ। ਚਾਰੋਂ ਹੀ ਤਰਫ ਪਾਣੀ ਬਹੁਤ ਚਲਦਾ। ਜਗਾ ਬਹੁਤ ਠੰਢੀ ਨਾ ਜਤਨ ਅਗ ਦਾ। ਬੈਠਕੇ ਲੰਗਰ ਵਿਚ ਬਾਤਾਂ ਕਰਦੇ। ਹਵਾ ਬਹੁਤ ਚਲਦੀ ਜੁਵਾਨ ਠਰਦੇ। ਬਲਮਾਂ ਨੂੰ ਗਡ ਤਰਪਾਲ ਪਾਂਵਦੇ। ਰਾਤ ਕਟਨੇ ਦਾ ਜਤਨ ਬਨਾਂਵਦੇ। ਦੁਖੀ ਸੁਖੀ ਰਾਤ ਦਾ ਨਬ੍ਹਾਓ ਕਰਦੇ। ਹਵਾ

ਬਹੁਤਚਲਦੀ ਜੁਵਾਨ ਠਰਦੇ। ਵਜੀ ਜਾਂ ਰਵਾਲੀ ਤਾਂ ਜੁਵਾ
ਨ ਉਠਦੇ। ਬਲਮਾਂ ਜੁਵਾਨ ਆਪਣੇ ਸੀ ਪੂਣਦੇ। ਹਥ ਸੀਤ
ਠਾਰੇ ਨਹੀਂ ਕੰਮ ਕਰਦੇ। ਹਵਾ ਬਹੁਤਚਲਦੀ ਜੁਵਾਨ ਠਰ
ਦੇ। ਜਦੋਂ ਸੀ ਤਿਆਰੀ ਦਾ ਬਿਗਲ ਵਜਿਆ। ਝਟ ਪਟ
ਸਾਰਿਆਂ ਸਾਮਾਨ ਲੱਦਿਆ। ਸੁਵਾਰੀ ਕਰ ਫਾਮ ਜੀ ਦਰੇ
ਸ਼ੀ ਕਰਦੇ। ਹਵਾ ਬਹੁਤ ਚਲਦੀ ਜੁਵਾਨ ਠਰਦੇ। ਦਹਿਨੇ
ਹਥ ਰਸਤੇ ਦੇ ਗਾਮ ਆਵਣਾ। ਅਗੇ ਜਾ ਕੇ ਨਾਮ ਉਸਦਾ
ਸੁਨਾਵਣਾਂ। ਰਸਤਾ ਖਰਾਬ ਜੀ ਪਹਾੜ ਚੜ੍ਹਦੇ। ਹਵਾ
ਬਹੁਤ ਚਲਦੀ ਜਵਾਨ ਠਰਦੇ। ਰਸਾਈਦਾਰ ਅਨੂਪਸਿੰਘ
ਅਗੇ ਜਾਂਵਦਾ। ਕੈਣਵਲ ਆਪ ਮੇਜਰ ਸੁਨਾਂਵਦਾ। ਲੰਘ
ਕੇ ਪਹਾੜ ਘੋੜਿਆਂ ਤੇ ਚੜ੍ਹਦੇ। ਹਵਾ ਬਹੁਤ ਚਲਦੀ ਜਵਾਨ
ਠਰਦੇ। ਗਾਂਮ ਵਿਚੋਂ ਗੋਲੀ ਦਾ ਖੜਾਕ ਆਂਵਦਾ। ਭਗਤ
ਸਿੰਘ ਨੈਪ ਸੀਗਾ ਦਹਿਨੇ ਜਾਂਵਦਾ। ਫੇਰ ਦੀ ਤਿਆਰੀ ਗਾਂਮ
ਵਲ ਕਰਦੇ। ਹਵਾ ਬਹੁਤ ਚਲਦੀ ਜੁਵਾਨ ਠਰਦੇ। ਭਗਤ
ਸਿੰਘ ਨੈਪ ਬੂਟਾਸਿੰਘ ਚਲਿਆ। ਦਹਿਨੀ ਜੀ ਫਲੈਂਕ
ਅਸਕਾਟ ਘਲਿਆ। ਟੋਪੀ ਲਾਕੇ ਸਾਹਿਬ ਆਪਨੀ ਘੁਮਾਂ-
ਵਦਾ। ਗਾਂਮ ਕਰਗੂਨ ਨੂੰ ਸੀ ਭਨਾ ਜਾਂਵਦਾ। ਗਾਂਮ ਵਿਚੋਂ
ਝਟ ਲੰਬੜਦਾਰ ਫੜਦੇ। ਹਵਾ ਬਹੁਤ ਚਲਦੀ ਜਵਾਨ ਠਰਦੇ।
ਗਾਂਮ ਵੱਲੇ ਸਾਰੇ ਜੀ ਅਰਜ ਕਰਦੇ। ਗੋਲੀ ਸੀ ਚਲਾਈ
ਡਾਕੂਆਂ ਥੋਂ ਡਰਦੇ। ਕਸੂਰ ਮਾਫ ਕਰੋ ਬੇਨਤੀ ਜੋ ਕਰਦੇ।
ਹਵਾ ਬਹੁਤ ਚਲਦੀ ਜਵਾਨ ਠਰਦੇ। ਬਾਂਏਂ ਬੰਨੇ ਮੂਲਾਸਿੰਘ
ਲਾਂਸ ਘਲਿਆ। ਦਹਿਨਾ ਜੀ ਫਲੈਂਕ ਭਗਤ ਸਿੰਘ

ਮਲਿਆ। ਵਸ਼ਾਈਦਾਰ ਸਾਥ ਬਾਤਾਂ ਬਹੁਤ ਕਰਦੇ। ਹਵਾ ਬਹੁਤ ਚਲਦੀ ਜਵਾਨ ਠਰਦੇ। ਸਿਤਾਸਿੰਘ ਮੇਹਰ ਆਈ ਛਡ ਜਾਂਵਦੇ। ਖਚਰਾਂ ਨੂੰ ਪਾਨੀ ਨਦੀ ਸੇ ਪਲਾਂਵਦੇ॥ ਨਦੀ ਵਿਚ ਸਮਾਨ ਗਿਰਨਾਂ॥ ਕੋਰੜਾ ਛੰਦ ॥ ਮੇਜਰ ਨੇ ਹੁਕਮ ਦਿਤਾ ਜੀ ਆਂਣਕੇ। ਪੁਲਦੇ ਨਜੀਕ ਪਾਂਨੀ ਸਾਫ਼ ਜਾਣਕੇ। ਖਚਰਾਂ ਨੂੰ ਪਾਨੀ ਨਦੀ ਸੇ ਪਲਾਂਵਦਾ। ਕੈਟਵਲ ਮੇਜਰ ਸੀ ਸਾਥ ਜਾਂਵਦਾ। ਪਾਨੀ ਇੱਥੇ ਗਹਿਰਾ ਜੋਰ ਨਾਲ ਵਗਦਾ। ਗਿਰੇ ਜੋ ਸਮਾਂਨ ਨਹੀਂ ਰੁਕ ਸਕਦਾ। ਖਚਰਾਂ ਸਮਾਨ ਸਾਥ ਦੇ ਚਲੀਆਂ। ਪੀਂਦੀਆਂ ਸੀ ਪਾਨੀ ਪੈਰਾਂ ਥੋਂ ਸੀ ਹਲੀਆਂ। ਨਦੀ ਵਿਚ ਗਿਰੇ ਜੋ ਸਮਾਨ ਜਾਂਵਦਾ। ਕੈਟਵਲ ਮੇਜਰ ਸੀ ਸਾਥ ਜਾਂਵਦਾ। ਸਰਦਾਰਾ ਸਿੰਘ ਨੈਬ ਨਹੀਂ ਫੇਰ ਝਕਦਾ। ਗਿਰੇ ਜੋ ਸਮਾਂਨ ਨਹੀਂ ਰੁਕ ਸਕਦਾ। ਪਾਸ ਖਲਾ ਸਾਹਿਬ ਓਸਨੂੰ ਵਖਾਲਦਾ। ਵਰਦੀ ਸਮੇਤ ਫੇਰ ਛਾਲ ਮਾਰਦਾ। ਸਾਹਿਬ ਖਲਾ ਘੂਰੇ ਹੁਕਮ ਸੁਨਾਂਵਦਾ। ਕੈਟਵਲ ਮੇਜਰ ਸੀ ਸਾਥ ਜਾਂਵਦਾ। ਸਾਹਿਬ ਨੂੰ ਸੁਨਾਵੇ ਨਾਲੇ ਰੌਲਾ ਪਾਂਵਦਾ। ਖਚਰਾਂ ਦੇ ਨੁਕਤੇ ਨੂੰ ਹਥ ਪਾਂਵਦਾ। ਨਦੀ ਵਿਚੋਂ ਖਚਰਾਂ ਨੂੰ ਬਾਹਰ ਹਕਦਾ। ਗਿਰੇ ਜੋ ਸਮਾਨ ਨਹੀਂ ਰੁਕ ਸਕਦਾ। ਖਚਰਾਂ ਨੂੰ ਕੱਢ ਵਰਦੀ ਸੁਕਾਂਵਦਾ। ਕੈਟਵਲ ਮੇਜਰ ਸੀ ਸਾਥ ਜਾਂਵਦਾ। ਨਦੀ ਵਿਚੋਂ ਬੋਰੀਆਂ ਸੀ ਦੋ ਕੱਢੀਆਂ। ਡੂੰਘੀਆਂ ਬਥੇਰੀਆਂ ਨ ਹੋਰ ਲਭੀਆਂ। ਬਹੁਤ ਪਾਨੀ ਵੇਖਿਆ ਨ ਪਤਾ ਲਗਦਾ ਗਿਰੇ ਜੋ ਸਮਾਨ ਨਹੀਂ ਰੁਕ ਸਕਦਾ। ਭਿਜਗਈ ਵਰਦੀ

ਸਮਾਨ ਸਬਦੇ। ਟੂੜ ਜੋ ਨਸ਼ੰਗ ਜੇ ਕਨਾਰਾ ਛਡਦੇ। ਕੂਚ ਦਾ ਹੁਕਮ ਮੇਜਰ ਸੁਨਾਂਵਦਾ। ਕੈਟਵਲ ਮੇਜਰ ਸੀ ਸਾਥ ਜਾਂਵਦਾ। ਦੇਖਕੇ ਤਮਾਸ਼ਾ ਮੇਜਰ ਸੀ ਹਸਦਾ। ਗਿਰੇ ਜੋ ਸਮਾਨ ਨਹੀਂ ਰੁਕ ਸਕਦਾ। ਦਬੀਨੇ ਦਾ ਪੜਾ ਮਸਾਂ ਮਸਾਂ ਆਂਵਦਾ। ਕੈਟਵਲ ਮੇਜਰ ਸੀ ਸਾਥ ਜਾਂਵਦਾ। ਅਜ ਜੀ ਦਬੀਨੇ ਪਹੁੰਚੇ ਮਸਾਂ ਸ਼ਾਮਨੂੰ। ਬਹੁਤ ਸੀਗਾ ਦੂਰ ਦਸਿਆ ਤੁਮਾਮਨੂੰ। ਹੁਣ ਪਈ ਰਾਤ ਦਿਨ ਡੁਬ ਜਾਂਵਦਾ।ਕੈਟਵਲ ਮੇਜਰ ਸੀ ਸਾਥ ਜਾਂਵਦਾ। ਹਵਾ ਚਲੇ ਠੰਢੀ ਹੱਡਾਂ ਵਿਚ ਵੜਦੀ। ਨੌਕਰੀ ਦੇ ਉਤੇ ਕੰਮ ਜਾਏ ਕਰਦੀ। ਫੇਰ ਸਤ ਵਜੇ ਗਾਰਦ ਵਟਾਂਵਦੇ। ਹੀ ਸਰਦਾਰ ਵੇਖਣੇ ਨੂੰ ਜਾਂਵਦੇ। ਸੰਤਾ ਸਿੰਘ ਰਾਤ ਜੀ ਰਮਾਨ ਪਾਂਵਦਾ। ਕੈਟਵਲ ਮੇਜਰ ਸੀ ਸਾਥ ਜਾਂਵਦਾ॥ ਕਬਿਤ ॥ ਜਮਾਂਦਾਰ ਸਦਕੇ ਜ਼ਬਾਨੀ ਸਾਨੂੰ ਆਖਦਾ ਹੈ ਸੁਬੇ ਆਡਵੰਸ ਤੁਰਪ ਆਪਨਾ ਹੈ ਜਾਵਣਾ। ਰਸਤਾ ਪਹਾੜੀ ਦਾਰ ਦਸਿਆ ਕਰਨੈਲ ਮੈਨੂੰ ਉਤੇ ਜੀ ਫਲੈਂਕ ਦੇ ਹੁਸ਼ਿਆਰ ਹੋਕੇ ਜਾਵਣਾ।ਰਸਤਾ ਖਰਾਬ ਜੇ ਮਾਲੂਮ ਹੋਵੇ ਤੁਸਾਂ ਤਾਂਈ ਦੂਰ ਨਹੀਂ ਜਾਣਾ ਜੀ ਨਜੀਕ ਮੇਰੇ ਆਵਣਾ। ਸੰਤਾ ਸਿੰਘ ਖਾਨਾ ਖੁਰੀ ਪਹੁੰਚਨਾ ਜਰੂਰ ਅਜ ਘੋੜਾ ਟਟੂ ਸਬ ਜੀ ਬਗੀਚੇ ਵਿਚ ਲਾਵਣਾ। ਕਬਿਤ ॥ ਜਮਾਂਦਾਰ ਸਦ ਸਾਨੂੰ ਸ਼ਾਮ ਨੂੰ ਜਰੂਰ ਆਖੇ ਅਸਾਂ ਤੈਯਾਰ ਰੈਹਣਾ ਕਾਠੀ ਫੇਰ ਨਾਲ ਪਾਵਣੀ। ਸਾਰੇ ਹੀ ਜੁਵਾਨ ਤਾਂ ਸਮਾਨ ਏਥੋਂ ਤੁਰ ਜਾਏ ਹਰ ਇਕ ਨਤਾ ਫੇਰ ਦੇਖਕੇ ਜੀ ਜਾਵਣੀ।ਦੇਖਕੇ ਸਰਾਂ ਤਾਂ ਬਗੀਚਾ ਸਾਰਾ

ਚਲਟਾਂ ਹੈ ਯਾਦ ਰਖੋ ਬਾਤ ਮੇਰੀ ਮੂਲਨਾ ਭੁਲਾਵਣੀ।
ਸਿਤਾ ਸਿੰਘ ਕੋਠਿਆਂ ਦੇ ਵਿੱਚ ਘੋੜੇ ਬੰਨਣੇ ਨੇ ਝੂਠ ਨਹੀਂ
ਬੋਲਾਂ ਬਾਤ ਸਚ ਦੀ ਸੁਨਾਵਣੀ ॥ ਆਬਾਦੇ ਜਾਣ ਦਾ ਹਾਲ
ਮੁਕੰਦ ਛੰਦ ॥ ਏਥੋਂ ਕਲ ਉਠਕੇ ਅਬਾਦੇ ਜਾਵਣਾ। ਛਬੀ
ਜੀ ਤਰੀਕ ਓਥੇ ਪਹੁੰਚ ਜਾਂਵਣਾ । ਇਕ ਜੀ ਸਰਾ ਵਿੱਚ
ਸਾਨੂੰ ਵਾੜਦੇ। ਅੰਦਰੇ ਸਮਾਨ ਸਾਰਾ ਜੀ ਉਤਾਰਦੇ। ਸ਼ਾਟਕੇ
ਸਮਾਨ ਵੱਖ ਵੱਖ ਕਰਦੇ। ਤਰੀਕ ਜੀ ਸਤਾਈ ਨੂੰ ਮੁਕਾਮ
ਕਰਦੇ। ਏ ਤਾ ਸਕੌਡੰਨ ਅਸਫਹਾਨ ਜਾਊਂਗਾ । ਬੀ ਤਾਂ
ਸਕੌਡੰਨ ਸ਼ੀਰਾਜ ਆਊਗਾ। ਪਹਿਲੇ ਜੀ ਪੜਾ ਮੁੜ ਫੇਰ
ਆਂਵਦੇ। ਜੇਹੜੇ ਜੀ ਪੜਾ ਅਬਾਦੇ ਨੂੰ ਸਾਂ ਜਾਵਦੇ। ਇਕ
ਤਾਂ ਪੜਾ ਵਿਚੋਂ ਦਿਤਾ ਤੋੜਜੀ। ਨਵੇਂ ਤਾਂ ਪੜਾ ਦੋ ਲਿਖੂੰ
ਹੋਰ ਜੀ। ਆਬਾਦਿਓਂ ਜੀ ਚੌਥਾ ਕਾਰਗੂੰਨ ਆਵਣਾ।
ਏਸਦਾਵੀ ਹਾਲ ਥੋੜਾ ਜੀ ਸੁਨਾਵਣਾ। ਛੇਤੀ ਛੇਤੀ ਅਸਾਂ
ਜੀ ਸ਼ੀਰਾਜ ਜਾਵਣਾ। ਤਸਤੇ ਦਾ ਹਾਲ ਹੋਰਕੀ ਸੁਨਾਵਣਾ।
ਪਹੁੰਚ ਕੇ ਪੜਾ ਘੋੜੇ ਟਟੂ ਲਾਂਵਦੇ। ਮਾਲਸ਼ ਦੀ ਛੁਟੀ ਤਾਂ
ਜਵਾਨ ਨਾਵਦੇ। ਏਸੇ ਨਦੀ ਵਿਚ ਖਚਰਾਂ ਸੀ ਰੋੜੀਆਂ।
ਨਾਲ ਸਾਡੇ ਉਤੇ ਚਲੀਆਂ ਸੀ ਗੋਲੀਆਂ । ਗਾਂਮ ਵਿਚੋਂ
ਆਦਮੀ ਚੱਛੇਂ ਮਗਾਵਦੇ। ਤੂੜੀ ਦਾਨਾ ਲਕੜੀ ਭੂਸਾ ਮੰਗਾ
ਵਦੇ। ਰਾਤ ਏਥੇ ਕਟ ਸੁਬੇ ਕੂਚ ਕਰਨਾ। ਦਿਸਦਾ ਪਹਾੜ
ਸਾਰਿਆਂ ਨੇ ਚੜਨਾ। ਜਮਾਦਾਰ ਨੱਥਾ ਸਿੰਘ ਅਗੇ ਜਾਂਵਦਾ।
ਬਸੰਤ ਸਿੰਘ ਜਮਾਦਾਰ ਪਿੱਛੇ ਆਂਵਦਾ। ਚਲਕੇ ਪੜਾਓਂ
ਗਏ ਪੰਜ ਮੀਲ ਜੀ। ਦੋਹਾ ਤਾਂ ਪਹਾੜਾਂ ਵਿਚ ਥੋੜੀ ਝੀਲ

ਜੀ। ਅਗਲਾ ਪਹਾੜ ਜਾਂ ਨਜਰ ਆਇਆ ਸੀ। ਨੱਥਾ ਸਿੰਘ ਤੁਰਪ ਆਪਨਾ ਫਲਾਇਆ ਸੀ। ਸਾਮਨੇ ਪਹਾੜ ਉੱਤੋਂ ਗੋਲੀ ਚਲਦੀ। ਬਹੁਤ ਦੂਰ ਤਾਕ ਸੀ ਖਬਰ ਘਲਦੀ। ਪਾਸ ਕਰਨੈਲ ਤਾਂ ਮਾਸ਼ੀਨ ਸਾਥ ਸੀ। ਰਖਦੇ ਜਵਾਨ ਉਤੇ ਬਹੁਤ ਆਸ ਸੀ। ਜਮਾਦਾਰ ਬੋਲੇ ਥੰਮਨ ਸਿੰਘ ਜਾਊਗਾ। ਸੁੰਦਰਸਿੰਘ ਕਿਲੀ ਵਾਲਾ ਸਾਥ ਜਾਊਗਾ। ਪਤਾ ਤੂੰ ਲਿਆਈ ਸਾਰਾ ਪਾਸ ਜਾਇਕੇ। ਜਲਦੀ ਬਤਾਦੇ ਖਬਰ ਮੈਨੂ ਆਇਕੇ। ਥੰਮਨ ਸਿੰਘ ਤੈਪ ਦਿਲ ਸੋਚ ਕਰਦਾ। ਨਾਲੇ ਹਕੇ ਘੋੜਾ ਨਾਲੇ ਦਿਲ ਡਰਦਾ। ਡਿਸਮੌਂਟ ਕਰ ਅੁਕਸਟੈਂਡ ਖੋਲਦਾ। ਜਮਾਦਾਰ ਆਪਨੀ ਜਬਾਨੀ ਬੋਲਦਾ। ਲਾਹਕੇ ਮਾਸ਼ੀਨ ਏਥੇ ਦਿਤੀ ਗਡ ਜੀ। ਬੋਲੇ ਕਰਨੈਲ ਫੈਰ ਕਰੋ ਝਟਜੀ। ਡਾਕੂਆਂ ਨੇ ਦੇਖੀ ਸੀ ਮਦਤ ਹੋਰਜੀ। ਟੇਕਰੀ ਨੂੰ ਛਡ ਫੇਰ ਆਏ ਕੋਲ ਜੀ। ਪੁਛੇ ਕਰਨੈਲ ਗੋਲੀ ਕਿਉਂ ਚਲਾਵੰਦੇ। ਤੁਸੀ ਸਾਥੋਂ ਖੌਫ ਨ ਜਰਾ ਜੀ ਖਾਵੰਦੇ। ਡਾਕੂਆਂ ਭੁਲੇਖੇ ਅਸਾਂ ਨੇ ਚਲਾਈ ਜੀ। ਤੁਹਾਡੀ ਨਾ ਖਬਰ ਅਸਾ ਨੂੰ ਹੈ ਕਾਈ ਜੀ। ਏਹ ਕੀ ਭੈੜੀ ਚੰਦਰੀ ਫੜੀ ਜੇ ਕਾਰਜੀ। ਖੌਫ ਹੈ ਖੁਦਾਦਾ ਨਹੀਂ ਤਾ ਦਿਆ ਮਾਰਜੀ। ਮੁਖ ਵਿਚ ਘਾ ਗਲ ਪੱਲਾ ਪਾਵੰਦੇ। ਅਜ ਕਰੋ ਮਾਫ ਫੇਰ ਨਾ ਚਲਾਵੰਦੇ। ਦਿਲ ਆਇਆ ਰਹਿਮ ਫੇਰ ਦਿਤੇ ਛਡ ਜੀ। ਕੀਨਾ ਗਾਮ ਵਿਚ ਹੈ ਪੜਾਓ ਅਜ ਜੀ। ਗਾਮ ਦੇ ਨਜੀਕ ਫੇਰ ਡੇਰੇ ਲਾਵੰਦੇ। ਸੰਤਾ ਸਿੰਘ ਰਾਤ ਜੀ ਰਮਾਨ ਪਾਵੰਦੇ॥ ਸੁਬੇ ਫੇਰ ਕੂਚ॥ ਛੰਦ॥ ਉਠਕੇ ਸੁਵੇਰੇ

ਅਗੋ ਫੇਰ ਰਲਨਾ । ਸੰਤਾਸਿੰਘ ਦਹਿਨੀ ਜੀ ਫਲੈਂਗ ਘਲ ਨਾ । ਹੋਇਕੇ ਹੁਸ਼ਿਆਰ ਅਜ ਤੁਸਾਂ ਜਾਵਨਾ । ਰਸਤਾ ਖਰਾਬ ਨਹੀਂ ਧੋਖਾ ਖਾਵਣਾ । ਕਵਾਮਾਵਾਦ ਅਜ ਫੇਰ ਪਹੁੰਚ ਜਾਊਗਾ । ਬਾਰ ਬਾਰ ਦਸ ਹਾਲ ਕੀ ਸੁਨਾਊਗਾ। ਕਵਾਮਾਵਾਦ ਅਜ ਨੌਕਰੀ ਜੀ ਬੋਲਦੇ । ਸੂਬੇ ਜੀ ਖਜ਼ਾਨੇ ਸਾਥ ਫੇਰ ਤੋਰਦੇ । ਜਾਂਦਾ ਹੋਇਆ ਹਾਲ ਜੀ ਮੈਂ ਗਿਆ ਦਸਕੇ । ਓਹ ਆਈ ਨਦੀ ਕਿਥੇ ਜਾਵਾਂ ਭਜਕੇ । ਪਿੰਡ ਦੇ ਨਜੀਕ ਜਾਕੇ ਡੇਰੇ ਲਾਂਵਦੇ । ਸ਼ਾਮ ਨੂੰ ਦੁਨਾਰ ਦੇ ਜੀ ਗਾਮ ਜਾਂਵਦੇ । ਕਦੋਂ ਹੋਊ ਦਿਨ ਇਥੋਂ ਤੁਰ ਚਲੀਏ । ਰਲ ਜਗਰੂਨ ਜੀ ਪੜਾ ਮਲੀਏ । ਪਹੁੰਚਕੇ ਪੜਾ ਉਤੇ ਠਹਿਰ ਜਾਂਵਦੇ । ਮਜੇ ਮਜੇ ਘੋੜੇ ਸੀ ਪਰਾਲੀ ਖਾਂਵਦੇ । ਅਬਾ ਦੇ ਸ਼ਹਿਰੋਂ ਇਕ ਸਾਬ ਮੇਮ ਆਈ ਸੀ । ਆਪਨਾ ਸਮਾਨ ਸਾਰਾ ਜੀ ਲਿਆਈਸੀ। ਵਿਚ ਤਾਂ ਸ਼ੀਰਾਜ਼ ਪਹੁੰਚ ਗਿਆ ਹਸਦਾ । ਸ਼ਹਿਰ ਜੀ ਸੀਰਾਜ ਦਾ ਮੈਂ ਹਾਲ ਦਸਦਾ । ਲਸ਼ਕਰ ਬਾਗ ਦੀ ਤਰਫ ਜਾਂਵਦੇ। ਇਕ ਜੀ ਤਰਫ ਜਾ ਕੇ ਘੋੜੇ ਲਾਂਵਦੇ ॥ "ਸੀ" ਜੀ ਸਕੌਡਨ ਵਿਚੋ ਉਤਾਰਿਆ ਦਿਲ ਲਾਕੇ ਸੁਨੀ ਹਾਲ ਤੂੰ ਪਿਆਰਿਆ ॥ ਪੰਜ ਰੋਜ਼ ਪਾਂਨੀ ਸਾਥ ਤੰਗ ਹੋਂਵਦੇ। ਘੋੜੇ ਟਟੂ ਵਿਚ ਚਿਕੜ ਖਲੋਂ ਵੰਦੇ। ਫੇਰ ਮੇਹਰ ਆਈ ਸਾਨੂੰ ਦਿਤਾ ਆਖ ਜੀ ॥ ਤੁਸੀਂ ਜਹਿਫਰੂਨੀ ਬਾਗ ਜਾਓ ਆਪ ਜੀ । ਸੰਤਾ ਸਿੰਘ ਡੇਰਾ ਦਸਾਂ ਨੂੰ ਦੁਆਂਵਦੇ। ਘੋੜੇ ਟਟੂ ਫੇਰ ਥਾਂਨਾਂ ਵਿਚ ਲਾਂਵਦੇ। ਰਾਸ਼ਨ ਮੁਕੇਦੀ ਹਾਟ ਸਾਹਿਬਨੇ ਰਪੋਟ ਕਰਨੀ ॥ ਕੋਰੜਾ

ਇਕ ਰੋਜ ਰਾਸ਼ਨ ਸੀ ਮੁਕ ਜਾਂਵਦਾ। ਹਾਟ ਸਾਹਿਬ
ਆਪ ਫੇਰ ਭੇਜਨਾਂ ਆਂਵਦਾ। ਪੁਛੇ ਕਰਨੈਲ ਨੂੰ ਕੀ ਅਲਾਜ
ਕਰਨਾ॥ ਰਾਸ਼ਨੋਂ ਬਗੈਰ ਨਹੀਂ ਕੰਮ ਸਰਨਾ। ਕਾਜ਼ੀਆਂ
ਨੇ ਸ਼ਹਿਰ ਸਾਰਾ ਕੀਤਾ ਬੰਦ ਜੀ। ਰਾਸ਼ਨੋਂ ਬਗੈਰ ਹੋਏ
ਬਹੁਤ ਤੰਗ ਜੀ। ਕੌਂਸ਼ਨ ਦੇ ਸਾਥ ਸੀ ਸਲਾਹ ਕਰਦੇ।
ਲੁਟਣਾਂ ਹੈ ਸ਼ਹਿਰ ਜੀ ਦਲੀਲ ਕਰਦੇ। ਅਜਦਾ ਦਿਹਾੜਾ
ਜੀ ਸਬਰ ਰਖਣਾਂ। ਫੇਰ ਲੁਟੋ ਸ਼ਹਿਰ ਤੁਸਾਂ ਨਹੀਂ
ਝਕਣਾਂ। ਕੌਂਸਲ ਨੇ ਸਦਿਆ ਕਵਾਂਮ ਸਾਹਿਬ ਨੂੰ।
ਸ਼ਹਿਰ ਦੀ ਖਵਰ ਕੁਛ ਹੈ ਆਪ ਨੂੰ। ਕਾਜ਼ੀਆਂ ਨੇ ਕੁਲ
ਚੀਜ ਕੀਤੀ ਬੰਦ ਜੀ। ਫੌਜ ਅੰਗ੍ਰੇਜ਼ੀ ਹੋਈ ਬਹੁਤ ਤੰਗ
ਜੀ। ਕਵਾਮ ਨੇ ਜਬਾਬ ਫੇਰ ਦਿਤਾ ਬੋਲਕੇ। ਸ਼ਾਂਮ ਨੂੰ
ਹੁਵਾਲ ਸਾਰਾ ਦਸ੍ਸੂ ਖੋਲ ਕੇ। ਜਾਇਕੇ ਕਵਾਂਮ ਕਾਜ਼ੀਆਂ
ਨੂੰ ਸਦਿਆ। ਤੁਸਾਂ ਸ਼ਹਿਰ ਕਾਸਨੂੰ ਹੈ ਰੋਕ ਰਖਿਆ॥
ਫੌਜ ਅੰਗ੍ਰੇਜ਼ੀ ਰਾਸ਼ਨੋਂ ਹੈਂ ਤੰਗ ਜੀ। ਕਲ ਤਾਂ ਜਰੂਰ
ਓਹ ਮਚਾਊ ਜੰਗ ਜੀ। ਦਸੋ ਸਚੋ ਸਚ ਕੀ ਦਲੀਲ
ਆਈਆਂ। ਕੌਂਸਲ ਨੇ ਜਿਠੀਐਥੋਂ ਜੀ ਮੰਗਾਈਆਂ। ਦਿਤਾ
ਜਬਾਬ ਕਾਜ਼ੀਆਂ ਨੇ ਬੋਲਕੇ। ਦਿਲ ਦੀ ਦਲੀਲ ਫੇਰ
ਸਾਰੀ ਖੋਲਕੇ। ਸ਼ਹਿਰ ਵਿਚ ਅਸਾਂ ਨਹੀਂ ਦੇਣੇ
ਔਣ ਜੀ। ਲੁਟੇਗਾ ਬਜਾਰ ਸਾਨੂੰ ਦਸ ਕੌਣ ਜੀ।
ਦਿਤਾ ਸੀ ਜਬਾਬ ਕਾਜ਼ੀਆਂ ਨੇ ਐਂਠਕੇ। ਲਿਖੀ ਫੇਰ
ਚਿਠੀ ਜੀ ਕਵਾਂਮ ਬੈਠਕੇ। ਕਾਜ਼ੀਆਂ ਨੇ ਰਲ ਮੈਨੂੰ ਕੀਤਾ
ਤੰਗ ਜੀ। ਬਾਰਾਂ ਵਜੇ ਸ਼ਹਿਰ ਲੁਟਿਓ ਨਸ਼ੰਕ ਜੀ।

ਕੌਂਸਲ ਨੇ ਚਿਠੀ ਲਿਖੀ ਜੀ ਬਨਾਇਕੇ। ਪੁਛਿਆ ਹੁਵਾਲ ਕਵਾਂਮ ਨੂੰ ਬੁਲਾਇਕੇ। ਕਵਾਂਮ ਨੇ ਵੀ ਚਿਠੀ ਅਜ ਦਿਤੀ ਘਲਜੀ। ਲੁਟੇਗਾ ਬਜਾਰ ਸੰਤਾ ਸਿੰਘ ਕਲਜੀ ॥

ਬਜਾਰ ਦਾ ਹਾਲ. ਕੋਰੜਾ ਛੰਦ ॥

ਬਾਰਾਂ ਬਜੇ ਖਬਰ ਵਿੰਗ ਨੂੰ ਸੁਨਾਈ ਜੀ। ਦੋ ਬਜੇ ਸ਼ਹਿਰ ਨੂੰ ਕਰੋ ਝੜਾਈ ਜੀ। ਤੁਸੀਂ ਸਿੰਘ ਸੂਰਮੇ ਬੜੇ ਦਲੇਰ ਜੀ। ਲੂਟੋ ਖਾਂ ਨਸ਼ੰਗ ਨਾ ਕਰੇਖਾਂ ਡੇਰ ਜੀ। ਕੇਪਰ ਸੀ ਮੇਜਰ ਜੋ ਸਾਥ ਜਾਂਵਦਾ। ਮੂਲਾ ਸਿੰਘ ਲੈ ਜੋ ਜਵਾਨ ਜਾਂਵਦਾ। ਖਚਰਾਂ ਜਵਾਨ ਪਿਛੇ ਸਈਸ ਹਕਦੇ। ਸ਼ਹਿਰ ਵਲ ਜਾਂਦੇ ਦਿਲੋਂ ਨਹੀਂ ਝਕਦੇ। ਵਿਚ ਤਾਂ ਬਜਾਰ ਜੋਰ ਸਾਥ ਜਾਂਵਦੇ। ਸ਼ਹਿਰ ਦੇ ਤਮਾਮ ਦੇਖਣੇ ਨੂੰ ਆਂਵਦੇ। ਦਿਲ ਆਇਆ ਜੋਸ਼ ਨਾ ਹਟਾਏ ਹਟਦੇ। ਲੁਟਕੇ ਸਮਾਂਨ ਖਚਰਾਂ ਤੇ ਲਦਦੇ ਹਾਟ ਸਾਹਿਬ ਦੇਖ ਫੇਰ ਠੂਡ ਮਾਰਦਾ। ਸਾਰਿਆਂ ਈਰਾ-ਨੀਆਂ ਨੂੰ ਗੁਸਾ ਚਾੜਦਾ। ਲੁਟਿਆ ਸਮਾਂਨ ਜੇਹੜਾ ਮਨ ਭਾਂਵਦਾ। ਕੋਈ ਨਾ ਦੁਕਾਂਨ ਦਾਰ ਅੱਗੇ ਆਂਵਦਾ। ਦੁਕਾਨ ਕਰ ਬੰਦ ਫੇਰ ਬੈਠ ਜਾਂਵਦੇ। ਪਿਛੇ ਸੀ ਜਵਾਨ ਅਗੇ ਸਾਹਿਬ ਜਾਂਵਦੇ। ਪਿਆ ਥਰਥਲ ਸ਼ਹਿਰ ਵਿਚ ਆਨਕੇ। ਕੋਈ ਨਾ ਹਟਾਵੇ ਅੰਗਰੇਜ ਜਾਂਣਕੇ। ਰੇਸ਼ਮੀ ਰੁਮਾਲ ਸਾਫੇ ਬਹੁਤ ਲੁਟਦੇ। ਬੋਲੇ ਜੋ ਈਰਾਨੀ ਓਨੂੰ ਫੇਰ ਕੁਟਦੇ। ਘਿਓ ਔਰ ਸ਼ਕਰ ਲਿਆਂਦੀ ਚਾਇਕੇ। ਕਿਸਮਿਸ ਪਿਸਤਾ ਬਦਾਂਮ ਜਾਇਕੇ। ਮੂਲ ਨਾ ਹਟਾਏ ਜੀ ਜਵਾਨ ਹਟਦੇ। ਕਪੜੇ ਦੇ ਥਾਨ ਫੜ ਦੂਰ ਸਟਦੇ। ਗਿਰਨੀਆਂ ਤੇ ਨੋਟ

ਬੇਸ਼ੁਮਾਰ ਦਸਦਾ। ਏਸਦਾ ਹਸਾਬ ਨਾ ਮੈਂ ਲਿਖ ਸਕਦਾ। ਸਾਰੇ ਕਾਜੀ ਸ਼ਹਿਰ ਦੇ ਖਲੋਤੇ ਕੰਬਦੇ। ਹਥ ਜੋੜ ਸਾਰਿਆਂ ਥੌਂ ਮਾਫ਼ੀ ਮੰਗਦੇ। ਹੋਇਆ ਜਾਂ ਹੁਕਮ ਜੀ ਰਟੈਰ ਆਂਵਦੇ। ਰਸਤੇ ਦੇ ਵਿਚ ਮੇਵੇ ਖੋਹ ਖਾਂਵਦੇ। ਹਥ ਜੋੜ ਦੋਸਤਾਂ ਥੋਂ ਮਾਫ਼ੀ ਮੰਗਦਾ। ਝੂਠ ਦੇ ਲਿਖਣ ਥੋਂ ਸੀ ਦਿਲ ਸੰਗਦਾ। ਕਵੀਸ਼ਰਾਂ ਦਾ ਝੂਠ ਮਹਿੰਗਾ ਬਹੁਤ ਵਿਕਦਾ। ਜੰਗ ਦਾਵੀ ਹਾਲ ਸੰਤਾਸਿੰਘ ਲਿਖਦਾ ॥ ਤਾਰਦਾ ਹਾਲ ॥

॥ ਦੋਹਿਰਾ ॥ ਵਿਚਸ਼ੀਰਾਜ ਦੇ ਬੈਠਕੇ ਕਰਦੇ ਐਸ਼ ਬਹਾਰ। ਬੂਸ਼ਹਿਰ ਸੇ ਆਂਵਦੀ ਵਿਚ ਦਿਸੰਬ੍ਰ ਤਾਰ ॥ ਦੋਹਰਾ-ਸੀ ਸਕੌਂਡਨਕੇ ਬੀਚਮੇਂ ਦਿਤੀ ਖਵਰਭੇਜ।ਕਾਜਰੂੰਨ ਸ਼ਹਿਰ ਨੂੰ ਜਾਂਵਣਾਂ ਸੁਭੇ ਏਥੋਂ ਤੇਜ ॥ ਦੋਹਰਾ ॥ ਕਰਨੈਲ ਸਾਹਿਬ ਨੇ ਆਖਿਆ ਜਲਦੀ ਹੋ ਤਿਆਰ। ਕੌਂਸਲ ਨੂੰ ਲਿਆਵਣਾਂ ਕਰਨੀ ਨਹੀਂ ਵਿਚਾਰ ॥ ਦੋਃ ॥ ਬੂਸ਼ਹਿਰ ਸੇ ਆਂਵਣਾਂ ਡੀ ਸਕੌਂਡਨਕੇ ਸਾਥ। ਚਵੀ ਤਰੀਕ ਨੂੰ ਪਹੁੰਚਣਾ ਕਾਜਰੂੰਨ ਵਿਚ ਆਪ ॥

ਕਾਜਰੂੰਨ ਨੂੰ ਸੀ ਸਕੌਂਡਨ ਨੇ ਕੂਚ ਕਰਨਾ ਤਾਂ ਰਸਤੇ ਮੇਂ ਲੜਾਈ ਹੋਣੀ ॥ ਕੋਰੜਾ ਛੰਦ ॥

ਚਲੇ ਨੇ ਪਚਾਸ ਤਾਂ ਜੁਵਾਨ ਕੁਲਜੀ। ਰਾਸ਼ਨ ਤੁਮਾਮ ਸਾਥ ਲਿਆ ਮੁਲ ਜੀ।ਦੋ ਸਰਦਾਰ ਸਾਹਿਬ ਇਕ ਜਾਂਵਦਾ। ਦੋਸਤਾਂ ਨੂੰ ਨਾਮ ਏਨ੍ਹਾਂ ਦੇ ਸੁਨਾਮਦਾ। ਮੇਜਰ ਸੀ ਸਾਹਿਬ ਮੈਂ ਤੁਹਾਨੂੰ ਦਸਦਾ। ਬਰਵਡ ਨਾਮ ਫੌਜ ਵਿਚ ਵਜਦਾ। ਅਬਦਲ ਰਹਿਮਾਂਨ ਨਾਮ ਫੇਰ ਦਸਿਆ। ਅਮੀਰ ਅਲੀ

ਨਾਮ ਕੂਰ ਸੁਣ ਹਸਿਆ। ਬੀਸ ਤਾਂ ਤਰੀਕ ਜੀ ਸ਼ੀਰਾਜ਼ੋਂ
ਚਲਦੇ। ਜਾਇਕੇ ਚੁਨਾਰਦਾਂ ਪੜਾ ਮਲਦੇ। ਇਕੀਤਾਂ
ਤਰੀਕ ਫੇਰ ਲੈ ਤੋਰ ਜੀ। ਗੋਲੀ ਤਾਂ ਬਰੂਦ ਗਠੇ ਸਬ
ਕੋਲ ਜੀ। ਰੋਜ ਤਾਂ ਪੜਾ ਜੀ ਪੜਾ ਜਾਂਵਦੇ। ਮੀਆਂ ਤਾਂ
ਕੋਤਲ ਫੇਰ ਪਹੁੰਚ ਜਾਂਵਦੇ। ਚਵੀ ਤਾਂ ਤਰੀਕ ਅਗੇ ਤੁਰ
ਜਾਂਵਣਾਂ। ਰਬ ਤਾਂ ਸਬੱਬ ਅਜ ਹੋਰ ਲਾਂਵਣਾਂ। ਛਡਕੇ
ਪੜਾ ਅਠ ਮੈਲ ਜਾਂਵਦੇ। ਅਗੇ ਤਾਂ ਤੂਰਕ ਸੀ ਨਜਰ
ਆਂਵਦੇ। ਅਗੇ ਤਾਂ ਬੁਰਜ ਰਸਤੇ ਮੇਂ ਆਂਵਦਾ। ਦੁਸ਼ਮਨ
ਗੋਲੀ ਓਥੇ ਜੀ ਚਲਾਂਵਦਾ। ਡਕਕੇ ਤਾਂ ਰਸਤਾ ਮਸੂਲ
ਮੰਗਦੇ। ਦਿਤਾ ਸੀ ਜਬਾਬ ਨਾ ਜਵਾਨ ਸੰਗਦੇ। ਦਹਿਨੇ
ਬਾਂਏਂ ਕੋਲਦੀ ਪਹਾੜ ਜਾਂਵਦਾ। ਡਾਕੂਆਂਦਾ ਕੋਈ ਨਾ
ਸ਼ੁਮਾਰ ਆਂਵਦਾ। ਬੁਰਜਦੇ ਉਤੋਂ ਗੋਲੀਆਂ ਚਲਾਂਵਦੇ।
ਤਕਕੇ ਨਸ਼ਾਨੇ ਉਤੇ ਠੀਕ ਲਾਂਵਦੇ। ਨਜਰ ਮਹੀਮਦ ਨੂੰ
ਗੋਲੀ ਲਗਦੀ। ਆਪਨਾ ਫਰਕ ਹੋਣੀ ਨਹੀ ਛਡਦੀ।
ਡਿਗਿਆ ਜੁਵਾਨ ਫੇਰ ਦੜ ਜਾਇਕੇ। ਕੰਧੇ ਵਿਚ ਲਗੀ
ਜਦੋਂ ਗੋਲੀ ਆਇਕੇ। ਦਸਤਾਂ ਜੁਵਾਨ ਇਕ ਸਾਹਿਬ
ਸਾਬ ਜੀ। ਭਜਕੇ ਤਾਂ ਪਹੁੰਚੇ ਜੀ ਬੁਰਜ ਪਾਸ ਜੀ।
ਅਬਦਲ ਰਮਾਨ ਫੇਰ ਬੈਠ ਜਾਂਵਦਾ। ਬਰਵੜ
ਸਾਹਿਬ ਦੀ ਨਜਰ ਆਂਵਦਾ। ਸਦੇ ਸਰਦਾਰ ਸਾਹਿਬ ਪਾਸ
ਆਪਦੇ ਏਸ ਜਗਾ ਡਾਕੂ ਸਾਨੂੰ ਬਹੁਤ ਜਾਪਦੇ। ਜਮਾਦਾਰ
ਗੋਲੀ ਫੇਰ ਜੀ ਚਲਾਂਵਦਾ। ਕਢ ਪਸਤੋਲ ਫੇਰ ਭਜਾ
ਆਂਵਦਾ। ਪਹੁੰਚ ਕੇ ਜੀ ਪਾਸ ਸੀ ਸਲਾਂਮ ਆਖਦਾ।

ਪੁਛੇ ਸਰਦਾਰ ਇਰਾਦਾ ਕੀ ਹੈ ਆਪਦਾ। ਏਥੋਂ ਅਜ ਰਬ
ਜੀ ਬਚਾਏ ਆਪਨੂੰ। ਫੇਰ ਕਾਜਰੂੰਨ ਪਹੁੰਚ ਜਾਈਏ
ਰਾਤ ਨੂੰ। ਡਾਕੂ ਦਿਲ ਸੋਚ ਫੇਰ ਬੰਦ ਕਰਦੇ। ਪਹਾੜ
ਛਡ ਜਾਂਨ ਦੀ ਦਲੀਲ ਕਰਦੇ। ਫੇਰ ਕੀਤੇ ਬੰਦ ਫੇਰ
ਹਟ ਜਾਂਵਦੇ। ਸਾਥੀਆਂ ਨੂੰ ਸਾਥ ਲੈਕੇ ਭਜ ਜਾਂਵਦੇ। ਨ-
ਜ਼ਰਮਹੰਮਦ ਸੀ ਪਾਂਨੀ ਮੰਗਦਾ। ਕੋਈਨਾ ਜੁਵਾਨ ਓਥੇ
ਜਾਵੇ ਸੰਗਦਾ। ਆਖੇ ਸਰਦਾਰ ਓਸਨੂੰ ਬਨਾਏ ਕੇ।
ਭੇਜਦਾ ਹਾਂ ਪਾਨੀ ਤੈਨੂੰ ਹੁਣੇ ਜਾਇਕੇ। ਡਿਸਮੋਰ ਤਰਕੇ
ਪਹਾੜ ਚਾੜ੍ਹਦੇ। ਬੁਰਜਦੇ ਵਿਚ ਵਾਲੀਆਂ ਸੀ ਮਾਰਦੇ। ਫੇਰ
ਜੀ ਬੁਰਜ ਡਾਕੂ ਗਏ ਛਡਕੇ। ਸਾਰਿਆਂ ਭਰਾਵਾਂ ਨੂੰ ਜੀ
ਲੈਗੇ ਕਢਕੇ। ਫੇਰ ਹੋਇਆ ਬੰਦ ਬੁਰਜ ਪਾਸ ਆਂਵਦੇ।
ਜ਼ਖਮੀ ਪਏ ਨੂੰ ਚੁਕਕੇ ਲਿਆਂਵਦੇ। ਭਾਈ ਬੰਦ ਪੁਛਦੇ ਨੇ
ਦਸ ਬਾਤ ਜੀ। ਕਿਥੇ ਲਗੀ ਗੋਲੀ ਡਰ ਪਿਓ ਆਪ
ਜੀ। ਚੁਕ ਕੇ ਤਾਂ ਬਾਂਹ ਛਾਤੀ ਸੀ ਵਖਾਲਦਾ। ਮੇਰੀ
ਹੋਈ ਬਸ ਸਚ ਹਾਂ ਪੁਕਾਰਦਾ। ਤੁਸੀ ਸਬ ਜਾਓ ਕਾਜਰੂੰਨ
ਗਾਂਮ ਜੀ। ਮੇਰੀਤਾਂ ਖੁਦਾ ਅਜ ਕਢੂ ਜਾਂਨ ਜੀ। ਰੋਂਦਾ
ਪਾਸ ਬੈਠ ਕੂਰੇਖਾਂ ਆਖਦੇ। ਮੈਨੂੰ ਵੀ ਤੂੰ ਸਾਥ ਲੈਚਲ
ਆਪਦੇ। ਕਰਦੇ ਬਾਤਾਂ ਭੈਣ ਫੇਰ ਚਲਿਆ। ਜਾਣਿਕੇ
ਖੁਦਾ ਦਾ ਦੁਵਾਰਾ ਮਲਿਆ। ਡੋਲੀ ਵਿਚ ਚਕ ਫੇਰ ਲੋਥ
ਪਾਈਸੀ। ਵਿਚ ਕਾਜਰੂੰਨ ਜਾਏਕੇ ਦਬਾਈ ਸੀ। ਦਖਿਆ
ਜਨਾਜ਼ਾ ਜਿਨਾ ਪੁਜ ਜਾਂਵਦਾ। ਬਰਵਡ ਮੇਜਰ ਸੀ ਤਾਰ
ਪਾਂਵਦਾ। ਘੋੜੇ ਗਏ ਭਜ ਦੋ ਸਮਾਨ ਸਾਥ ਜੀ।

ਦੇਖਕੇ ਤਾਂ ਤਾਰ ਸੋਚ ਲਿਓ ਆਪ ਜੀ । ਸਿਤਾਂਸਿੰਘ
ਹੋਰ ਮਦਤ ਮੰਗਾਂਵਦਾ। ਤਾਰ ਕਰਨੈਲ ਵਲ ਝਟ ਪਾਂਵਦਾ।
॥ ਦੋਹਰਾ ॥ ਤਾਰ ਆਈ ਕਰਨੈਲ ਨੂੰ ਦਿਲ ਵਿਚ ਕਰਦਾ
ਸੋਚ । ਪੜ੍ਹਕੇ ਫੇਰ ਸੀ ਦੇਖਦਾ ਉਡ ਗਏ ਨੇ ਹੋਸ ॥ ਦੋਹਰਾ ॥
ਕਾਜਰੂੰਨ ਕੇ ਰਾਹ ਮੇਂ ਹੋਇਆ ਹੈ ਫਸਾਦ । ਕੋਟਵਲ ਨੂੰ
ਆਖਦਾ ਪੜ੍ਹਕੇ ਦੇਖੋ ਆਪ ॥ ਦੋ: ॥ ਬਰਵਡ ਮੇਜਰ
ਸਾਹਿਬ ਸੇ ਡਾਕੂ ਲੜਦੇ ਆਂਨ । ਜੰਗ ਹੋਇਆ ਦਿਨ ਸਬ
ਜੀ ਮਰਿਆ ਇਕ ਜੁਵਾਨ ॥

ਮੇਜਰ ਬਰਵਡ ਦੀ ਮਦਤ ਵਾਸਤੇ ਪਚਾਸ ਜੁਵਾਨ ਜਾਣੇ
ਲੈਫ ਬੀ ਸਕੌਂਡੈਨ ਸੇ ॥ ਕੋਟੜਾਂ ॥ ਜਾਇਕੇ ਜੁਵਾਨ
ਜੀ ਤਿਆਰ ਕਰਨੇ ॥ ਸਟੇ ਸਰਦਾਰ ਜੀ ਪਚਾਸ ਖੜਨੇ।
ਪੀਚਰ ਤਾਂ ਸਾਹਿਬ ਜੀ ਜਰੂਰ ਜਾਊਗਾ ।ਸਾਥ ਜੀ ਸਕੌਂਣ
ਹੋਰ ਲੈ ਜਾਊਗਾ।ਦਿਤੀ ਕਰਨੈਲ ਨੇ ਖਬਰ ਘਲ ਜੀ।ਵਲ
ਕਾਜਰੂੰਨ ਕੂਚ ਕਰੋ ਕਲ ਜੀ । ਛਾਂਟਲੋ ਜੁਵਾਂਨ ਜੋ ਪਸੰਦ
ਆਪਦੀ।ਰਸਤੇ ਦੇ ਉਤੇ ਡਾਕੂ ਬਹੁਤ ਜਾਪਦੀ।ਆਦਮੀ ਤਿਆ
ਰ ਤੁਸੀਂ ਦੇਓ ਛਡ ਜੀ। ਕਰਨੇ ਤਿਆਰ ਪਚਾਸ ਫੌਜੀ।
ਪਈ ਤਾਂ ਤਰੀਕ ਬਾਰਾਂ ਵਜੇ ਚਲਦੇ। ਜਾਇਕੇ ਚੁਨਾਰਦਾ
ਪੜਾਓ ਮਲਦੇ। ਛਬੀ ਤਾਂ ਤਰੀਕ ਰਸਤੇ ਮੇਂ ਜਾਂਵਦੇ।
ਡਾਕੂ ਵੀ ਪਹਾੜ ਉਤੇ ਚੜ ਜਾਂਵਦੇ। ਗੁਰੂ ਨੇ ਬਚਾਏ ਅਜ
ਆਪ ਆਣਕੇ। ਖਾਲਸਾ ਪਿਆਰਾ ਫੇਰ ਗੁਰੂ ਜਾਣਕੇ।
ਖਾਲਸਾ ਸ਼ਹੀਦ ਅਜ ਹੋਜਾਂਵਦਾ। ਗੁਰੂ ਮਾਹਰਾਜ ਰਸਤੇ
ਭੁਲਾਂਵਦਾ। ਰਸਤਾ ਸੀ ਇਕ ਹੋਰ ਕੋਈ ਜਾਂਵਦਾ। ਓਸ

ਰਾਹ ਫੇਰ ਸਾਹਿਬ ਲੈਜਾਂਵਦਾ। ਦੁਸ਼ਮਨ ਮੋਰਚਾ ਲਿਆ
ਸੀ ਆਂਣਕੇ। ਗੁਰੂ ਨੇ ਭੁਲਾਇ ਰਾਹ ਫੇਰ ਜਾਂਣਕੇ। ਜਦੋਂ
ਹੀ ਦੂਰ ਫੇਰ ਤਾੜ ਜਾਂਵਦੇ। ਭਰਕੇ ਜੀ ਰੌਂਦ ਗੋਲੀਆਂ
ਚਲਾਂਵਦੇ। ਦੇਖਦੇ ਸਕੌਂਡ ਦੂਰਬੀਨ ਲਾਇਕੇ। ਕਿਥੋਂ ਗੋਲੀ
ਛਿਗੀ ਸਾਡੇ ਪਾਸ ਆਇਕੇ। ਆਖਦੇ ਜਵਾਨ ਏਨ੍ਹਾਂ ਰਾਹ
ਆਪਦਾ। ਦਹਿਨੇ ਹਥ ਰਸਤਾ ਜਹੂੰਰ ਜਾਪਦਾ। ਫੇਰ ਮੁੜ
ਰਸਤੇ ਜੀ ਪਏ ਜਾਂਵਦੇ। ਅਗੇ ਸਕੌਂਟ ਪਿਛੇ ਆ... ਜਾਂਵਦੇ।
ਦਸਤੇ ਅਫ਼੍ਹੂੰਨ ਏਨਾਂ ਨੂੰ ਪੁਚਾਂਵਦਾ। ਸੈਤਾਸਿੰਘ ਹਾਲ ਅਗੇ
ਦਾ ਸੁਨਾਂਵਦਾ॥ ਡੀ ਸਕੌਂਡਰੈਨ ਦਾ ਹਾਲ॥

ਦੋਹਰਾ॥ ਡੀ ਸਕੌਂਡ੍ਰਿਨ ਆਣਕੇ ਬੈਠ ਵਿਚ ਕੁਮਰਾਜ।
ਸਾਰਾ ਹਾਲ ਬਤਾਂਵਦਾ ਜੋ ਸੁਣ ਆਇਆ ਆਜ॥

ਦੋਹਰਾ॥ ਵਿਚ ਸਕੌਂਡ੍ਰਿਨ ਬੈਠਕੇ ਬਾਤਾਂ ਕਰਦਾ ਆਣ।
ਜਮਾਦਾਰ ਸੀ ਜਾਂਣਦਾ ਭਗਤ ਸਿੰਘ ਬਹੁਤ ਜਵਾਨ॥

ਦੋਹਰਾ। ਨਾਲ ਦਿਲਾਸੇ ਪੁਛਦਾ ਜਮਾਦਾਰ ਸਬ ਹਾਲ।
ਸਚੋਂ ਸਚ ਬਤਾਂਵਣਾਂ ਜੋ ਦੇਖੀ ਤੂੰ ਚਾਲ॥

ਦੋਹਰਾ॥ ਖਬਰ ਦਾਰ ਹੋਇਕੇ ਚਲਣਾਂ ਸੁਬੇ ਤੁਸਾਂ ਯਾਰ॥
ਦੁਸ਼ਮਨ ਰਸਤਾ ਰੋਕਿਆ ਮਲੇ ਸਬ ਪਹਾੜ। ਕੋਰੜਾ ਛੰਦ।
॥ ਜਮਾਦਾਰ ਉਠਕੇ ਸ਼ਤਾਬ ਜਾਂਵਦਾ॥ ਪਾਸ ਲਫਟੈਨ
ਹਾਲ ਜੀ ਸੁਨਾਂਵਦਾ॥ ਸੂਬੇ ਨੇ ਸੁਨਾਇਆ ਸਾਨੂੰ ਹਾਲ
ਆਇਕੇ॥ ਮਲੇਨੇ ਪਹਾੜ ਡਾਕੂਆਂ ਨੇ ਜਾਇਕੇ॥ ਕਰਨ
ਲੜਾਈ ਸਾਡੇ ਨਾਲ ਕਲ ਜੀ॥ ਅਜ ਦੂੰ ਖਬਰ ਕਾਜਰੂੰਨ
ਘਲ ਜੀ॥ ਰਸਤੇ ਦੇ ਵਿਚ ਜੋ ਬੁਰਜ ਆਂਵਦਾ॥ ਡਾਕੂਆਂ

ਦਾ ਜੋਰ ਓਥੇ ਜੀ ਬਤਾਂਵਦਾ ॥ "ਸੀ" ਤਾਂ ਸਕੌਡਿੰਨ ਅਗੋ
ਬੁਲਾਂਵਣਾਂ ॥ ਅਸਾਂ ਬੁਰਜ ਪਾਸ ਪਾਂਣੀ ਜੀ ਪੁਲਾਂਵਣਾਂ ॥
ਸੁਣ ਬਾਤ ਸਾਹਿਬ ਦਿਤੀ ਤਾਰ ਘਲ ਜੀ ॥ ਤੁਸੀ ਤਾਂ
ਬੁਰਜ ਪਾਸ ਆਓ ਦਲ ਜੀ ॥ ਟੇਲੀ ਫੂੰਨ ਝਟ ਤਾਰ
ਸਾਥ ਲਾਂਵਦਾ ॥ ਵਿਚ ਕਾਜਰੂੰਨ ਖਵਰ ਪਹੁੰਚਾਂਵਦਾ ॥
ਟੇਲੀ ਜੀ ਗਰਾਫ ਹਾਲ ਸੁਣ ਜਾਂਵਦੇ ॥ ਮੁੜਕੇ ਜਬਾਬ
ਝਟ ਜੀ ਪੁਚਾਂਵਦਾ ॥ ਸੁਭੇ ਕਰ ਕੰਮ ਹੁਕਮ ਸੁਨਾਂਵਿਦਾ ॥
ਦਸ ਮੀਲ ਚਲਕੇ ਬੁਰਜ ਆਂਵਣਾਂ ॥ ਹੁਇਕੇ ਹੁਸ਼ਿਆਰ
ਸਾਰਿਆਂ ਨੇ ਜਾਂਵਣਾਂ। ਦਸ ਵਜੇ ਪਾਸ ਜੀ ਬੁਰਜ ਆਂਵਦੇ।
ਨਦੀ ਵਿਚੋਂ ਪਾਂਣੀ ਸਾਰੇ ਜੀ ਪਲਾਂਵਦੇ॥ ਕਾਠੀਆਂ ਉਤਾਰ
ਦਾਨਾ ਦਿਤਾ ਚਾੜ ਜੀ। ਬੈਠਕੇ ਜੁਵਾਨ ਕਰਦੇ ਵਿਚਾਰ
ਜੀ। ਡਾਕੂਆਂ ਨੇ ਮੰਗਿਆ ਮਸੂਲ ਆਂਣਕੇ। ਦਿਤਾ ਨੇ
ਜਬਾਬ ਜੀ ਗਰੀਬ ਜਾਂਣ ਕੇ। ਡੰਮ ਫੂਲ ਆਖੇ ਸਾਹਿਬ
ਤਾੜੇ ਲਾਲੀਆਂ ॥ ਮੁਲਖ ਈਰਾਂਨ ਭੇੜੀਆਂ ਨੇ ਚਾਲੀਆਂ
। ਕਰਕੇ ਦਲੀਲ ਮੰਤਾ ਸਿੰਘ ਜਾਂਵਦੇ ॥ ਜਾਇਕੇ ਸਰਾਂ
ਮੋਰਚੇ ਬਨਾਂਵਦੇ।

ਡੀ ਸਕੌਡਿਨ ਕੇ ਸਾਥ ਲੜਾਈ ਕਰਨੀ ਡਾਕੂਆਂ ਨੇ
॥ ਕੋਰੜਾ ਛੰਦ॥ ਖਵਰ ਦਿਤੀ ਘਲ ਜੀ ਜਰੂਰ ਲੜਨਾਂ
ਕਸਮ ਖੁਦਾ ਦੀ ਅਸਾਂ ਨਹੀਂ ਟਲਨਾਸੀ ਤਾਂ ਸਕੌਡਿਨ ਜੀ
ਝਟ ਆਂਹਦਾ। ਬਰਵਡ ਮੇਜਰ ਹਥ ਜੀ ਮਲਾਂਵਦਾ ॥
ਕਰ ਬਾਤ ਚੀਤ ਚਿਠੀਆਂ ਪੁਆਂਵਦੇ ॥ ਬਿਗਲ ਵਜਾ
ਮਾਰਚ ਕਰਾਂਵਦੇ॥ ਸੀ ਤਾਂ ਸਕੌਡਿੰਨ ਅੜਵੇਸ ਜਾਂਵਦਾ ॥

ਸਾਂਭਿ ਕੇ ਸਮਾਂਨ "ਡ਼ੀ" ਜੀ ਲਿਆਵੰਦਾ ॥ ਸਾਂਭਕੇ ਸਮਾਂਨ ਕੀਤੀਆਂ ਤਿਆਰੀਆਂ ॥ ਈਰਾਨੀਆਂ ਨੇ ਪਿਛੋਂ ਵਾਲੀਆਂ ਸੀ ਮਾਰੀਆਂ ॥ ਡਿਸਮੌਂਟ ਕਰ ਮੋਰਚੇ ਨੂੰ ਜਾਂਵੰਦੇ ਫੜਕੇ ਮਸ਼ੀਨ ਝੱਟ ਪਟ ਲਾਂਵੰਦੇ ॥ ਪਾਲ ਸਿੰਘ ਲਾਂਸ ਨਾਮ ਦਿਆਂ ਦਸ ਜੀ ॥ ਜੋੜਕੇ ਮਾਸ਼ੀਨ ਕੀਤਾ ਬਹੁਤ ਝਟ ਜੀ । ਪਾਲ ਸਿੰਘ ਧਰ ਪੇਟੀ ਬੈਠ ਜਾਂਵਦਾ । ਡਾਕੂਆਂ ਦੇ ਉੱਤੇ ਗੋਲੀਆਂ ਚਲਾਂਵਦਾ । ਫੈਰ ਜੀ ਸਰਾਂ ਦੇਸੀ ਵਿਚ ਮਾਰਦਾ । ਦੂਰਬੀਨ ਫੜ ਦੁਸ਼ਮਨ ਤਾੜਦਾ । ਕਿਥੇ ਕਿਥੇ ਡਾਕੂ ਫੇਰ ਬੈਠੇ ਆਇਕੇ । ਦੂਰ ਦੂਰ ਸਾਇਟ ਆਖਦਾ ਬਨਾਇਕੇ । ਸਾਹਿਬ ਲਲਕਾਰੇ ਅਜ ਦੇਣੇ ਮਾਰ ਜੀ।ਏਸ ਬਾਤ ਵਿਚ ਨ ਕਰੋ ਵਿਚਾਰ ਜੀ । ਲੇਟ ਗਏ ਜਵਾਨ ਮੇਗ ਜ਼ੀਨ ਭਰਕੇ।ਦਿਲੋਂ ਕਰਤਾਰ ਦਾ ਧਿਆਨ ਧਰਕੇ। ਦੂਸਰੇ ਪਹਾੜਉੱਤੋਂ ਫੇਰ ਚਲੀਆਂ। ਡਾਕੂਆਂ ਨੇ ਗੋਲੀਆਂ ਨਜੀਕ ਘਲੀਆਂ । ਸੈਤਾ ਸਿੰਘ ਡਾਕੂ ਗੋਲੀਆਂ ਚਲਾਂਵਦੇ । ਡਰਦੇ ਨਾ ਮੂਲ ਅਗੇ ਵਧੇ ਆਵੰਦੇ ॥

ਪਹਿਲੇ ਮੋਰਚੇ ਵਿਚ ਡੀ ਸਕੌਡਨ ਨੇ ਡਾਕੂਆਂ ਦੇ
ਸਾਥ ਜੰਗ ਕਰਨਾ ਤਾਂ ਸੀ ਸਕੌਡਨ ਨੂੰ ਖਵਰ ਹੋਈ
ਤਾਂ ਚੋਟੀ ਨੇ ਜ਼ੋਰ ਦੇਣਾ.

ਕੋਰੜਾ ਛੰਦ॥ ਚੋਟੀ ਨੇ ਮਦਾਨ ਵਿਚ ਡਾਹੇ ਸੂਰਮੇ । ਹੋਇ ਕੇ ਅਨੰਦ ਕੁਟ ਖਾਧੇ ਚੂਰਮੇ । ਚੋਟੀ ਲਲਕਾਰੇ ਕਿਥੇ ਜਾਓ ਨਸਕੇ । ਆਪਣਾ ਟਕਾਣਾ ਮੈਨੂੰ ਜਾਓ ਦਸਕੇ।ਚੋਟੀ ਦਾ ਪਿਆਲਾ ਫੜ ਦੂਰ ਡੰਣਦਾ।ਨਾਰਦ ਸੀ ਆਕੇ ਵਕੀਲ

ਬਨਦਾ।ਮੈ ਤਾਂ ਸਿੰਘ ਸੂਰਮੇਂ ਬਦਾਊਂ ਅਜ ਨੀ।ਤੂੰ ਕੀਤੋੜਾ ਚੈਦਰਾ ਕਰੇਂਗੀ ਚਜਨੀ।ਆਵੇ ਨਹੀਂ ਬਾਜ ਹੋਣੀ ਬੜੀ ਚੰਦਰੀ । ਵਿਚ ਤਾਂ ਮਦਾਂਨ ਨਚੇ ਵਾਂਗ ਬੰਦਰੀ । ਏਸ ਹੋਣੀ ਚੰਦਰੀ ਨੇ ਜਗ ਖਾਲਿਆ । ਛਡਦੀ ਨਾ ਮੂਲ ਜੀ ਨੂੰ ਹਥ ਪਾਲਿਆ । ਪੀਰ ਤਾਂ ਫਕੀਰ ਸਭ ਲੈ ਮਾਰ ਜੀ । ਔਲੀਏ ਤਾਂ ਅੰਬੀਏ ਗਏ ਨੇ ਹਾਰ ਜੀ । ਰਾਂਵਨ ਤੇ ਵਰਤੀ ਸੀ ਆਪ ਆਂਣਕੇ । ਸੀਤਾ ਨੂੰ ਚੁਰਾਇਆ ਹੋਣੀ ਫੇਰ ਜਾਂਣਕੇ । ਸੋਨੇ ਦੀ ਸੀ ਲੰਕਾ ਸਾਰੀ ਦਿਤੀ ਗਾਲ ਜੀ । ਏਦੇ ਪਾਸੋਂ ਗਿਆ ਸੀ ਮੁਲਖ ਹਾਰ ਜੀ । ਪੂਰਨ ਭਗਤ ਖੂਹ ਵਿਚ ਪਾਇਆ ਸੀ । ਭਗਤ ਕਬੀਰ ਹੋਣੀ ਨੇ ਲਟਾਇਆ ਸੀ । ਬਾਦਸ਼ਾਹ ਮੋਏ ਕਬਰਾਂ ਨੂੰ ਫੋੜਦੇ। ਹੋਣੀ ਅਗੇ ਗਏ ਸਭ ਹਥ ਜੋੜਦੇ। ਸ਼ੀਰੀ ਫਰਿਹਾਦ ਹੋਣੀ ਲੈ ਮਾਰ ਜੀ। ਸੋਹਣੀ ਮਹੀਂਵਾਲ ਹੋਣੀ ਲੈ ਤਾਰ ਜੀ । ਮਿਰਜਾ ਉਜਾੜ ਵਿਚ ਗਈ ਮਾਰਕੇ। ਹੋਣੀ ਨੇ ਸਿਆਲਾਂ ਨੂੰ ਲਿਆਂਦਾ ਚਾੜਕੇ । ਸ਼ਾਹ ਤਾਂ ਬਰਾਮ ਹੋਣੀ ਦੇਸੋਂ ਕਢਿਆ । ਸੂਪ ਨਖਾਂ ਦਾ ਵੀ ਹੋਣੀ ਨੱਕ ਵਢਿਆ । ਹਸਨ ਹੁਸੈਨ ਹੋਣੀ ਦਿਤੇ ਮਾਰ ਜੀ। ਹਨੂੰਮਾਨ ਜੈਸੇ ਹੋਣੀ ਦਿਤੇ ਗਾਲ ਜੀ । ਗੋਪੀਚੰਦ ਗਿਆ ਦੇਖੋ ਰਾਜ ਛਡਕੇ। ਹੋਣੀ ਦੇ ਦੁਗਾੜੇ ਥੋਂ ਗਿਆ ਜੀ ਭਜਕੇ । ਏਹੋ ਜਿਆਂ ਗਾਜਿਆਂ ਨੂੰ ਲਿਆ ਮਾਰ ਜੀ । ਹੋਣੀ ਦਾ ਨਾਂ ਖਾਲੀ ਕਦੇ ਜਾਇ ਵਾਰ ਜੀ। ਹੋਣੀ ਜੀ ਈਰਾਂਨ ਵਿਚ ਜੋਰ ਲਾਂਵਦੀ। ਸਾਥ ਅੰਗ੍ਰੇਜ ਤੁਰਕ ਲੜਾਂਵਦੀ । ਅਜ ਫੇਰ ਹੋਣੀ ਨੇ ਮਦਾਂਨ ਮੱਲਿਆ । ਜਾਵੇ ਨਾ ਮਸ਼ੀਨ ਦਾ ਜੀ ਫੈਰ ਝਲਿਆ। ਨਾਰਦ

ਹਟਾਵੇ ਆਖੇ ਲਗ ਯਾਰ ਦੇ । ਮਾਰਨਾ ਤੂੰ ਸਿੰਘ ਵਿਚ ਨੀ ਉਜਾੜ ਦੇ । ਏਨੀ ਬਾਤ ਸੁਣ ਚੋਟੀ ਗੁਸਾ ਚਾੜ੍ਹਦੀ । ਇਕ ਤਾਂ ਸਹੀਸ ਜੀ ਜਰੂਰ ਮਾਰਦੀ । ਚਲਦੀ ਮਾਸ਼ੀਨ ਪਹਾੜ ਕੰਬ ਜਾਂਵਦੇ । ਹੌਂਸਲੇ ਦੇ ਸਾਥ ਗੋਲੀਆਂ ਚਲਾਂਵਦੇ । ਸੰਤਾ ਸਿੰਘ ਸਹੀਸ ਇਕ ਮਰ ਜਾਂਵਦਾ । ਓਸਦਾ ਹਵਾਲ ਸਾਰਾ ਜੀ ਸੁਨਾਂਵਦਾ ॥ ਦੋਹਰਾ ॥ ਬਾਪ ਬੇਟਾ ਸੀ ਜਾਂਵਦੇ ਦੋਨੋਂ ਮੁਲਖ ਈਰਾਨ । ਮਰਗਿਆ ਜੀਦਾ ਪੁਤ ਸੀ ਨਾਮ ਕੰਗਲੀਆ ਜਾਂਨ ॥

ਬਾਪ ਦਾ ਵਿਰਲਾਪ ਪੂਤ ਦੀ ਲੋਥ ਦੇ ਉਤੇ

ਕੋਰੜਾ ਛੰਦ ॥ ਮਰਗਿਆ ਪੂਤ ਬਾਪ ਬੈਠ ਰੋਂਵਦਾ । ਸਿਰ ਦੇ ਸੀ ਵਾਲ ਪੁਤ ਉਤੇ ਖੋਂਵਦਾ । ਛਡਕੇ ਨਾ ਲੋਥ ਫੇਰ ਕਲੀ ਚਲਦਾ । ਮਰਗਿਆ ਪੁਤ ਵਸ ਨਹੀਂ ਚਲਦਾ ! ਕਰੇ ਵਿਰਲਾਪ ਜਾਰ ਜਾਰ ਰੋਂਵਦਾ । ਸਿਰਦੇ ਸੀ ਵਾਲ ਪੁਤ ਉਤੇ ਖੋਂਵਦਾ । ਆਇਕੇ ਈਰਾਨੀ ਕਪੜੇ ਉਤਾਰ ਦੇ । ਮੰਗਦੇ ਰੁਪੈ ਸਹੀਸ ਨੂੰ ਸੀ ਤਾੜਦੇ । ਪੁਤਦਾ ਦਰੇਗ ਕੰਮ ਨਹੀਂ ਹੋਂਵਦਾ । ਸਿਰਦੇ ਸੀ ਵਾਲ ਪੁਤ ਉਤੇ ਖੋਂਵਦਾ । ਪਥਰਾਂ ਨੂੰ ਚੀਨ ਲੋਥ ਨੂੰ ਦਬਾਂਵਦਾ । ਹੁੰਦੀ ਜੇ ਮਾਲੂਮ ਨਾ ਈਰਾਨ ਆਂਵਦਾ । ਜੀਦਾ ਮਰੇ ਪੁਤ ਓਨੂੰ ਲਿਓ ਪੁਛ ਜੀ । ਪੁਤ ਦੇ ਮਰੇਦਾ ਹੈਗਾ ਬਹੁਤ ਦੁਖ ਜੀ । ਪੁਤ ਮਰੇ ਗਬਰੂ ਨਾ ਬਾਪ ਸੋਂਵਦਾ । ਸਿਰਦੇ ਸੀ ਵਾਲ ਪੁਤ ਉਤੇ ਖੋਂਵਦਾ । ਜਿਨਦੇ ਨਾ ਪੈਦਾ ਯਾਰੋ ਪੁਤ ਹੋਂਵਦੇ । ਸਾਰੀ ਜੀ ਉਮਰ ਘਰ ਬੈਠ ਰੋਂਵਦੇ । ਆਵੇ ਜਾਂ ਬੁਢੇਪਾ ਦੁਖ ਬਹੁਤ

ਹੋਂਵਦਾ। ਸਿਰਦੇਸੀ ਵਾਲ ਪੁਤ ਉਤੇ ਖੋਂਵਦਾ। ਪੁਤ੍ਰਾਂ ਬਗੈਰ ਘਰ ਕਿਸ ਕੰਮ ਜੀ। ਪੁਤ੍ਰਾਂ ਬਗੈਰ ਪੈਸਾ ਕਿੱਸ ਕੰਮ ਜੀ। ਲੋਥ ਨੂੰ ਦਬਾਕੇ ਉਠਕੇ ਖਲੋਂਵਦਾਂ। ਸਿਰਦੇ ਸੀ ਵਾਲ ਪੁਤ ਉਤੇ ਖੋਂਵਦਾ। ਤੁਰਿਆ ਨਾ ਜਾਵੇ ਬੈਠ ਬੈਠ ਜਾਂਵਦਾ। ਕੋਲ ਨਾ ਪਿਆਰ ਰੋਕੇ ਸੁਨਾਂਵਦਾ। ਹਜੂੰਆਂ ਦੇ ਸਾਥ ਮੁੜਕੇ ਨੂੰ ਧੋਂਵਦਾ। ਸਿਰਦੇਸੀ ਵਾਲ ਪੁਤ ਉਤੇ ਖੋਂਵਦਾ। ਸੈਂਤਾ ਸਿੰਘ ਮੋਰਚਾ ਦੂਜਾ ਬਨਾਂਵਦਾਂ। ਬੀਤਿਆ ਹੁਵਾਲ ਸਾਰਾ ਤੂੰ ਸੁਨਾਂਵਦਾਂ।

ਦੁਸ਼ਮਨ ਨੂੰ ਸ਼ਿਕਸਤ ਦੇਣੀ ਪਹਿਲਾ ਮੋਰਚਾ ਤੋੜਕੇ ਦੂਸਰੇ ਨੂੰ ਜਾਣਾ ॥ ਦੋਹਿਰਾ ॥

। ਪਹਿਲਾ ਮੋਰਚਾ ਤੋੜਿਆ ਤਰਫ ਦੂਜੇ ਦੀ ਜਾਇ । ਮੈਂਤਾ ਸਿੰਘ ਨੂੰ ਆਖਦੇ ਦੇਈ ਹਾਲ ਸੁਨਾਇ ॥ ਕੋਰੜਾ ਛੰਦ ॥

॥ ਤੋੜ ਲਿਆ ਮੋਰਚਾ ਦੂਜੇ ਨੂੰ ਜਾਂਵਦੇ । ਈਰਾਨੀਆਂ ਦੇ ਮੁਖ ਬਗੇ ਹੁੰਦੇ ਜਾਂਵਦੇ । ਆਖੇ ਸਰਦਾਰ ਹੌਂਸਲਾ ਜੀ ਰਖਣਾਂ। ਹੋਏ ਕਮਜੋਰ ਡਾਕੂ ਨਹੀਂ ਝਕਦਾਂ। ਅਬੀ ਜਾਂਣ ਨਸ ਜੋਰ ਨਹੀਂ ਜਾਪਦਾ। ਦੇਖਲੂੰ ਹੌਂਸਲਾ ਅਬੀ ਜੀ ਆਪਦਾ। ਪਾਲ ਸਿੰਘ ਝਟ ਜੀ ਮਾਸ਼ੀਨ ਲਾਂਵਦਾ ॥ ਕੇਹਰ ਸਿੰਘ ਜਖਮੀ ਸੀ ਹੋ ਜਾਂਵਦਾ । ਗੋਲੀਆਂ ਸੀ ਲਗੀਆਂ ਜੀ ਤਿੰਨ ਆਂਣਕੇ। ਕਰ ਗਈਆਂ ਛੇਕ ਜੀ ਸਰੀਰ ਛਾਂਣਕੇ। ਫਟੇ ਜੋ ਜੁਵਾਨ ਨਾਮ ਦਿਆਂ ਦਸ ਜੀ। ਚੈਂਚਲ ਸਿੰਘ ਨਾਮ ਕਿਥੇ ਜਾਇ ਨਸ ਜੀ। ਆਸਾ ਸਿੰਘ ਪਿਆ ਗੋਲੀਆਂ ਚਲਾਂਵਦਾ। ਓਵੀ ਫੇਰ ਜਖਮੀ ਸੀ ਹੋ ਜਾਂਵਦਾ। ਸਿੰਘ ਹਰਨਾਮ ਜੀ ਨੂੰ ਲਗ ਜਾਂਵਦੀ । ਛੜ

ਦੀਨਾ ਮੂਲ ਜ਼ਿਮੀਤੇ ਗਰਾਂਵਦੀ। ਨਾਲ ਦਸਤੂਰ ਗੋਲੀਆਂ ਚਲਾਂਵਦੇ। ਈਰਾਨੀ ਬੇਵਕੂਫ ਅਗੇ ਵਧੇ ਆਂਵਦੇ।ਜੰਗ।ਵਿਚ ਜ਼ਖਮੀ ਸੀ ਹੋ ਜਾਂਵਦੇ। ਰਾਂਗੜੇ ਜੁਵਾਨ ਨਾਮ ਨਹੀਂ ਆਂਵਦੇ ਨਾਮ ਸੀ ਸੁਦਾਗਰ ਮੈਂ ਦਿਆਂ ਦਸ ਜੀ। ਕੰਦੇ ਵਿਚ ਲਗੀ ਕੁਛ ਨਹੀਂ ਵਸ ਜੀ।ਸਿੰਘ ਬੜੇ ਸੂਰਮੇਂ ਗੋਲੀ ਚਲਾਂਵਦੇ। ਡਾਕੂਆਂ ਨੂੰ ਉਤੇ ਜ਼ਿਮੀਂ ਦੇ ਗਟਾਂਵਦੇ। ਦਿਸਦੇ ਨੇ ਸਾਰੇ ਅਖੀਂ ਦੇਖੇ ਆਪਦੀ। ਡਿਗਾਦੇ ਪੁਕਾਰਦੇ ਕਾਸਮ ਪਾਕਦੀ। ਦਸਦਾ ਜੀ ਸਭ ਜੋ ਮੈਂ ਸਾਥ ਜਾਂਵਦਾ। ਜੰਗ ਦਾ ਹੁਵਾਲ ਸਚ ਮੈਂ ਬਤਾਵਦਾ। ਗੋਲੀ ਆ ਕੇ ਲਗੀ ਸੋ ਕਮਰ ਪਾਸ ਜੀ। ਘੋੜੇ ਉਤੋਂ ਡਿਗਾ ਉਡ ਗਏ ਹੁਵਾਸ ਜੀ। ਡਿਗਾ ਜੋ ਸੁਵਾਰ ਘੋੜਾ ਭਜ ਜਾਂਵਦਾ। ਜ਼ਿਮੀਂ ਉਤੇ ਪਿਆ ਹੋਸ਼ ਜੋ ਭੁਲਾਂਵਦਾ। ਤੋੜ ਦੂਜਾ ਮੋਰਚਾ ਤੀਜੇ ਨੂੰ ਜਾਵੰਦੇ। ਪਥਰਾਂ ਦੀ ਆੜ ਗੋਲੀਆਂ ਚਲਾਵੰਦੇ। ਰੁਕ ਗਈ ਮਸ਼ੀਨ ਰੌਂਦ ਗਿਆ ਟੁਟ ਜੀ।ਲਛਮਨ ਸਿੰਘ ਲਤ ਮਾਰ ਦਿਤੀ ਸੁਟ ਜੀ। ਖਿਚਕੇ ਤਾ ਹਾਰ ਦੋਹਾ ਲਿਆ ਕਡ ਜੀ। ਜੋੜਕੇ ਮਸ਼ੀਨ ਕੀਤਾ ਬਹੁਤ ਝਟ ਜੀ। ਚਲਦੀ ਮਾਸ਼ੀਨ ਜ਼ਿਮੀ ਕੰਦ ਜਾਵੰਦੀ।ਹੋਣੀ ਅਜ ਯਾਰੋ ਖੁਸ਼ੀਆ ਮਨਾਵੰਦੀ। ਪਾਲ ਸਿੰਘ ਬੈਠਾ ਜੀ ਮਸ਼ੀਨ ਫੜਕੇ। ਸਿੰਘ ਹਰਨਾਮ ਪੇਟੀਆ ਨੂੰ ਧੁਰਕੇ॥ ਖਵਰਨਾ ਕੌਸਲ ਦੀ ਕਿਸੇ ਨੇ ਪਾਈ ਜੀ। ਖੂਬ ਕੀਤੀਅਜ ਸਿੰਘ ਨੇ ਲੜਾਈ ਜੀ। ਇਕ ਤਾ ਈਰਾਨੀ ਫੇਰ ਪਾਸ ਆਂਵਦਾ। ਕਰੋ ਨਾ ਲੜਾਈ ਸਿੰਘਾਂ ਨੂੰ ਹਟਾਵੰਦਾ। ਦੇਵਾ ਸਿੰਘ ਨੈਪ ਗੋਲੀ ਝਟ ਭਰਦਾ।

ਜਮਾਦਾਰ ਭਗਤ ਸਿੰਘ ਬ੍ਹਾਂਹੋਂ ਫੜਦਾ। ਟੋਪੀ ਨੂੰ ਘੁਮਾਵੇ
ਨਾਲੇ ਰੌਲਾ ਪਾਵਦਾ। ਏਹੋ ਜੀ ਲੜਾਈ ਸਾਡੀ ਹੈ ਕਰਾ-
ਵਦਾ। ਬੋਲੇ ਦੇਵਾਸਿੰਘ ਕੰਮ ਹੈ ਬਗਾੜਦਾ। ਏਹੋ ਜੀ
ਈਰਾਨੀਆਂ ਨੂੰ ਗੁਸਾ ਚਾੜ੍ਹਦਾ।ਭਰਕੇ ਬੰਦੂਕ ਲੇਟ ਗਿਆ
ਆਪ ਜੀ। ਈਰਾਨੀ ਨੂੰ ਛੁਡਾਇਆ ਜਮਾਦਾਰ ਆਪ ਜੀ।
ਉਪਰ ਨਸ਼ਾਨੇ ਗੋਲੀ ਫੇਰ ਮਾਰਦਾ। ਫੜ ਦੂਰਦੀਨ
ਦੁਸ਼ਮਨ ਤਾੜਦਾ। ਗੋਲੀ ਨਾ ਨਸ਼ਾਨੇ ਉਤੇ ਲਗੀ ਜਾਇਕੇ।
ਰਫਲ ਖਹਾਬ ਸੁਟਦਾ ਭੁਆਇਕੇ। ਫੇਰ ਜੀ ਬੰਦੂਕ
ਆਪਨੀ ਮੰਗਾਵਦਾ। ਬੰਨਕੇ ਨਸ਼ਾਨੇ ਉਤੇ ਗੋਲੀ ਲਾਵਦਾ।
ਸੋਹਣ ਸਿੰਘ ਲੈਸ ਉਠਿਆ ਸ਼ਤਾਬ ਜੀ। ਚਕਕੇ ਪਥਰ
ਤਾ ਲਿਆਦੇ ਆਪ ਜੀ। ਜਮਾਦਾਰ ਅਗੇ ਮੋਰਚਾ ਬਨਾਵ-
ਦਾ। ਡਾਕੂਆਂ ਦੀ ਗੋਲੀ ਥੋਂ ਨਾ ਖੌਫ ਖਾਵਦਾ। ਆਖੇ
ਸਰਦਾਰ ਗੋਲੀ ਮਾਰ ਤਾਨਕੇ। ਮੋਰਚੇ ਦੇ ਵਿਚ ਬੈਠਜਾਹ
ਆਨਕੇ। ਕੌਸਲ ਜੀ ਸਾਹਿਬ ਸੀ ਅਲਗ ਜਾਂਵਦਾ। ਉਸ
ਦੀ ਖਬਰ ਕੋਈ ਨ ਬਤਾਵਦਾ। ਕੌਸਲ ਦਾ ਘੋੜਾ ਵੀ ਜੀ
ਆਇਆ ਭਜਕੇ। ਕੁਛ ਨਾ ਮਾਲੂਮ ਕਿਥੇ ਆਇਆ ਸਟ
ਕੇ। ਘੋੜਾ ਜੀ ਫਰੇਜਰ ਦਾ ਭਜ ਜਾਂਵਦਾ। ਪੈਦਲ ਸੀ
ਸਾਹਿਬ ਅਗੇ ਵਧ ਆਂਵਦਾ।ਛੋਟੇਛੋਟੇ ਮੋਰਚੇ ਸਬੀ ਉਡਾਂਵ
ਦੇ। ਵਲ ਕਜਰੂਨ ਦੇ ਵਧੇ ਜੀ ਆਂਵਦੇ। ਸੈਤਾਸਿੰਘਾ ਕਈ
ਘੋੜੇ ਮਰ ਜਾਂਵਦੇ। ਪਾਸ ਕਰਤਾਰ ਅਰਜ ਸੁਨਾਵੰਦੇ॥

ਆਹਸਤੇ ਆਹਸਤੇ ਕਾਜਰੂਨ ਨੂੰ ਵਧਨਾ ਤਾਂ ਦੁਸ਼ਮਨਨੇ
ਸ਼ਿਕਸਤ ਖਾਣੀ ਤਾਂ ਕਾਂਜਰੂਨ ਵਿਚ ਸ਼ਾਮ ਨੂੰ ਪਹੁੰਚਨਾ.

ਕੋਰੜਾ ਛੰਦ ॥ ਛਡ ਦਿਤਾ ਰਾਹ ਦਹਿਨੇ ਪਹਾੜ ਮਲਿਆ। ਫੇਰ ਮਹਾਰਾਜ ਨੇ ਬਦਲ ਘਲਿਆ। ਇਕ ਸੌ ਨਫਰੀ ਮੈਂ ਦਿਆਂ ਦਸ ਜੀ। ਦੁਸ਼ਮਨ ਬਹੁਤ ਕੁਛ ਨਹੀਂ ਵਸ ਜੀ। ਹਜਾਰ ਦੇ ਕਰੀਬ ਫੇਰ ਹਾਂ ਸੁਨਾਂਵਦਾ। ਭਰੇਨੇ ਪਹਾੜ ਨਾ ਸੁਮਾਰ ਆਂਵਦਾ। ਪੈਦਲ ਸੀ ਜਾਹਿਬ ਫੇਰ ਭਜਾ ਆਂਵਦਾ। ਅਨੋਖ ਸਿੰਘ ਘੋੜਾ ਆਪਨਾ ਫੜਾਂਵਦਾ। ਅਨੋਖਸਿੰਘ ਨੂੰ ਨਾ ਘੋੜੇ ਤੇ ਚੜ੍ਹਾਂਵਦਾ। ਫੜਕੇ ਬੰਦੂਕ ਘੋੜੇ ਨੂੰ ਭਜਾਂਵਦਾ। ਗੰਗਾ ਸਿੰਘ ਨਾਮ ਅਜ ਦਿਤਾ ਦਸ ਜੀ। ਖਾਲੀ ਹਥ ਸਾਈਂ ਹੈ ਗੁਰਾਂ ਦੇ ਵਸ ਜੀ। ਚਾਰ ਮੀਲ ਅਨੋਖ ਸਿੰਘ ਭਜਾ ਜਾਂਵਦਾ। ਕੋਈ ਨ ਨਜਰ ਆਪਨਾ ਜੀ ਆਂਵਦਾ। ਭਜਾ ਜਾਂਦਾ ਸਾਈਂ ਫੇਰ ਗਿਆ ਹਾਰ ਜੀ। ਡਾਕੂਆਂ ਨੇ ਦੂਰੋਂ ਫੇਰ ਲਿਆ ਤਾੜਜੀ। ਅਜ ਨਾਂ ਮੈਂ ਬਚੂੰ ਗੁਰੂ ਨੂੰ ਮਨਾਂਵਦਾ। ਦੁਸ਼ਮਨ ਜ਼ੋਰ ਮੇਰੇ ਉਤੇ ਲਾਂਵਦਾ। ਖਾਲੀ ਹਥ ਦੇਖ ਆਸ ਦਿਤੀ ਛਡ ਜੀ। ਕੋਲ ਨ ਬੰਦੂਕ ਕਿਥੇ ਜਾਵਾਂ ਨਸ ਜੀ। ਗੁਰੂ ਨੇ ਬਚਾਇਆ ਫੇਰ ਆਪ ਆਣਕੇ। ਸਿੰਘ ਫੇਰ ਸੂਰਮਾਂ ਗੁਰੂ ਨੇ ਜਾਣਕੇ। ਸਾਥੀਆਂ ਦੇ ਸਾਥ ਫੇਰ ਮਿਲਜਾਂਵਦਾ। ਹੁਣ ਗਿਆ ਬਚ ਆਖਕੇ ਸੁਨਾਂਵਦਾ। ਕੋਈ ਨ ਹਿਸਾਬ ਆਵੇ ਨ ਸ਼ੁਮਾਰ ਜੀ। ਕਈ ਤਾਂ ਈਰਾਨੀ ਫੇਰ ਦਿਤੇ ਮਾਰ ਜੀ। ਜੋਰ ਸਾਥ ਲੱਥਾ ਪਾਣੀ ਫੇਰ ਆਨਕੇ। ਗੁਰਾਂ ਨੇ ਪੁਚਾਏ ਕਾਜਰੂੰਨ ਆਨਕੇ। ਦਸ ਮੀਲ ਲੜੇ ਰਾਤ ਪੈ ਜਾਂਵਦੀ। ਭਾਰ ਬਰਦਾਰੀ ਕਾਜਰੂਨ ਆਂਵਦੀ। ਵਿਚ ਜੀ ਸਰਾਂ ਦੇ ਸਾਮਾਨ ਲਾਂਵਦੇ। ਸੰਤਾਸਿੰਘ ਹਾਲ ਰਾਤ

ਦਾ ਬਤਾਵੰਦੇ ॥ ਦੋਹਰਾ ॥ ਵਿਚ ਸਰਾਂ ਦੇ ਆਇਕੇ ਕਰਦੇ ਫੇਰ ਵਿਚਾਰ॥ਲਾਲਟੈਨ ਫੜ ਹਥਮੇਂ ਕਰਦੇ ਕੁਲ ਸੁਮਾਰ॥

ਕਾਜਰੂਨ ਵਿਚ ਆਇਕੇ ਕਰਨੈਲ ਸਾਹਿਬਨੂੰ ਤਾਰ ਸ਼ੀਰਾਜ਼ ਵਿਚ ਭੇਜਨੀ.

॥ ਕੋਰੜਾ ਛੰਦ ॥ ਕਰਕੇ ਸਲਾਹ ਤਾਰ ਘਰ ਚਲਦੇ। ਵਿਚਜੀ ਸ਼ੀਰਾਜ਼ਦੇ ਖਬਰਘਲਦੇ। ਮਿਲਿਆ ਨ ਸਾਨੂੰਡਾਕ ਦਾਰ ਕਲ ਦਾ। ਕੌਂਸਲ ਬਗੈਰ ਕਾਲਜਾ ਜੋ ਹਲਦਾ। ਕੌਂਸਲ ਬਗੈਰ ਅਸੀਂ ਨਹੀਂ ਹਲਦੇ। ਵਿਚ ਜੀ ਸ਼ੀਰਾਜ਼ ਦੇ ਖਬਰ ਘਲਦੇ। ਘੋੜੇ ਤੇ ਜਵਾਨਾਂ ਦਾ ਸੁਮਾਰ ਕਰਦੇ। ਬੈਠਕੇ ਸਰਾਂ ਮੇਂ ਵਿਚਾਰ ਕਰਦੇ। ਰਹੇ ਸੀ ਮਸ਼ੀਨ ਦੋ ਜੀ ਫੈਰ ਚਲਦੇ। ਵਿਚ ਜੀ ਸੀਰਾਜ਼ ਦੇ ਖਬਰ ਘਲਦੇ। ਤਿੰਨ ਲਖ ਸਾਥ ਜੀ ਖਜਾਨਾ ਆਖਦੇ। ਬੂ ਸ਼ਹਿਰੋਂ ਆਂਦਾ ਸੀਗਾ ਸਾਥ ਆਪਦੇ। ਅਸਾਂ ਨਹੀਂ ਦੇਖੇ ਜੀ ਖਚਰ ਕਲ ਦੇ। ਵਿਚ ਜੀ ਸ਼ੀਰਾਜ਼ ਦੇ ਖਬਰ ਘਲਦੇ। ਕਰਦੇ ਲੜਾਈ ਸਾਥ ਹੋਏ ਦੰਗ ਜੀ। ਬਰਸਦਾ ਸੀ ਪਾਨੀ ਬਹੁਤ ਹੋਏ ਤੰਗ ਜੀ। ਸਾਹਿਬ ਸਰਦਾਰ ਢੂੰਡਨੇ ਨੂੰ ਚਲਦੇ। ਵਿਚਜੀ ਸ਼ੀਰਾਜ਼ ਦੇ ਖਬਰ ਘਲਦੇ। ਦੂਸਰੀ ਸਰਾਂ ਦੇ ਵਿਚੋਂ ਜਾਕੇ ਲੱਭਿਆ। ਮੇਗਜ਼ੀਨ ਪੇਟੀਆਂ ਦੇ ਹੇਠ ਦੱਬਿਆ।ਦਫੇਦਾਰ ਸਾਵਲਸਿੰਘਸਦ ਘਲਦੇ।ਵਿਚਜੀ ਸ਼ੀਰਾਜ਼ਦੇ ਖਬਰ ਘਲ ਦੇ।ਤੇਰੀ ਸੀਗੀ ਨੌਕਰੀ ਲਿਆਈਂ ਜਾਇਕੇ।ਮੈਨੂੰਤੂ ਨਸ਼ੰਗ ਫੇਰ ਖੋਲੀਂਆਇਕੇ। ਦੁਸਮਨ ਬਹੁਤ ਜੀ ਪਹਾੜ ਮਲਦੇ। ਵਿਚਜੀ ਸੀਰਾਜ਼ ਦੇ ਖਬਰਘਲਦੇ। ਭੁੱਖੇ ਤਾਂ ਤਿਹਾਏ ਸਬ

ਰਾਤ ਕਟਦੇ ਸੁਬੇ ਦਾ ਹਵਾਲ ਸਾਰਾ ਫੇਰ ਦਸਦੇ ਕੌਂਸਲ ਨੂੰ ਊਂਡੀਏ ਦਲੀਲ ਕਰਦੇ। ਸਿਤਾਸਿੰਘ ਖਵਰ ਜੀ ਸ਼ੀਰਾਜ਼ ਘਲਦੇ ॥ ਦੋਹਿਰਾ ॥ ਬਰਵਤ ਮੇਜਰ ਸਾਹਿਬ ਸੀ ਵਿਚ ਲੜਾਈ ਆਪ। ਲਿਖਦਾ ਤਾਰ ਬਨਾਇਕੇ ਟੈਲੀ ਵਿਚ ਗਰਾਫ ॥ ਦੋਹਰਾ ॥ ਦੁਸ਼ਮਨ ਕੁਲ ਪਹਾੜ ਤੇ ਕੀਤਾ ਸਬ ਦਿਨ ਜੰਗ। ਪਾਨੀ ਬਰਸੇ ਜੋਰ ਦੀ ਹੋਏ ਬਹੁਤ ਜੀ ਤੰਗ॥ ਦੋਹਰਾ ॥ ਵਿਚ ਕਾਜ਼ਰੂੰਨ ਦੇ ਆਇਕੇ ਤਾਰ ਦਿੰਦਾ ਘਲ। ਹੁਕਮੋਂ ਬਾਜ ਨਾ ਹਲਣਾ ਮੈਂ ਕਾਜਰੂੰਨੋਂ ਕਲ ॥

ਕਰਨੈਲ ਸਾਹਿਬ ਨੇ ਤਾਰ ਭੇਜਨੀ ਹਿੰਦੁਸਤਾਂਨ ਕੋ ਤਾਂ
ਸ਼ੀਰਾਜ ਸੇ ਮਦਤ ਲਏ ਕਰ ਕਾਜਰੂੰਨ ਕੋ ਜਾਨਾਂ
ਵਾਸਤੇ ਮਦਤ ਕੇ ਕੋਰੜਾ ਛੰਦ ॥

ਸਤ ਬਜੇ ਸ਼ਾਂਮ ਨੂੰ ਜੀ ਤਾਰ ਆਈ ਸੀ। ਓਸੇ ਵੇਲੇ ਤਾਰ ਕਰਨੈਲ ਪਾਈ ਸੀ। ਟੇਲੀ ਜੀ ਗਰਾਫ ਸਾਰੇ ਸਾਹਿਬ ਜਾਂਵਦੇ। ਥਾਂਓ ਥਾਈਂ ਝਟ ਪਟ ਤਾਰ ਪਾਂਵਦੇ। ਮਊ ਬਰਗੇਡ ਨੂੰ ਜੀ ਤਾਰ ਪਾਈ ਜੀ। ਮੁਲਖ ਈਰਾਂਨ ਕਰੀ ਹੈ ਲੜਾਈ ਜੀ। ਫੌਜ ਕੁਲ ਆਪਨੇ ਤਿਆਰ ਰਖਣੀ। ਦੂਸਰੀ ਜੀ ਤਾਰ ਤਾਕ ਰੋਕ ਰਖਣੀ। ਕੌਸਲ ਗੁਵਾਚਾ ਡਾਕਦਾਰ ਆਖਦੇ। ਖਚਰ ਗੁਵਾਚੇ ਸਾਬ ਤੀਨ ਲਾਖਦੇ। ਦੂਸਰੀ ਖਵਰ ਜਦੋਂ ਦਿਆਂ ਘਲ ਜੀ। ਕਰਨੀ ਨਾ ਡੇਰ ਤੁਸੀ ਆਓ ਚਲ ਜੀ। ਦੂਜੀ ਕਾਜਰੂੰਨੋ ਤਾਰ ਆਈ ਰਾਤ ਨੂੰ। ਹੋਰ ਜੀ ਹਵਾਲ ਮੈਂ ਸੁਨਾਵਾਂ ਆਪਨੂੰ। ਵਿਚ ਮਸਕੇਟ ਕਰਨੈਲ ਜਾਂਵਦਾ। ਸਾਰੇ ਸਾਹਿਬ ਲੋਕਾਂ ਨੂੰ ਹੈ ਸੁਨਾਂਵਦਾ।

ਅਜੀਟਣ ਨੂੰ ਬੋਲੇ ਤਾਰ ਦੇਓ ਘਲ ਜੀ। ਸਾਥ ਲੈ ਮਸ਼ੀਨ ਤੁਰ ਚਲੋ ਕਲ ਜੀ। ਆਰਜੇ ਬਗੈਰ ਨਾ ਛਡੋ ਖਾਂ ਮੂਲ ਜੀ। ਬੋਲਿਆ ਮੈਂ ਸਚ ਚਲਣਾਂ ਜਰੂਰ ਜੀ। ਫੇਰ ਸਰਦਾਰ ਨੇ ਜਵਾਨ ਛਡਦੇ। ਹੁੰਦੇ ਜੋ ਮਾਲੂਮ ਧਾਵਾ ਨਹੀਂ ਕਰਦੇ। ਲਿਖਣੇ ਸੀ ਨਾਮ ਮੈਂ ਜਰੂਰ ਅਜਜੀ। ਦੋਸਤਾਂ ਕਲਮ ਮੇਰੀ ਫੜੀ ਭਜ ਜੀ। ਲਿਖਣੇ ਕੀ ਆਦਮੀ ਨਕੰਮੇਂ ਕੰਮਦੇ। ਐਸੇ ਕੰਮ ਦਿਲ ਫੇਰ ਕਾਨੂੰ ਜੰਮਦੇ। ਹੁੰਦੀ ਬਦਨਾਮ ਏਦਾਂ ਕੌਮ ਆਪਦੀ। ਅਸਾਂ ਤੈਨੂੰ ਇਕ ਗਲ ਦਸੀ ਲਾਖਦੀ। ਸਤਾਈ ਜੋ ਤ਼ਰੀਕ ਨੂੰ ਸੀ ਕੂਚ ਕਰਦੇ। ਚੁਨਾਰਦੇ ਸਰਾਂਜੀ ਪੜਾ ਕਰਦੇ। ਜੰਗ ਦਾ ਸਮਾਨ ਸਾਡੇ ਕੁਲ ਕੋਲ ਜੀ। ਕਈਆਂ ਦੇ ਮੈਂ ਦੇਖੇ ਦਿਲ ਗਏ ਡੋਲ ਜੀ। ਛਡਕੇ ਪੜਾ ਚਾਰ ਮੀਲ ਜਾਂਵਦੇ। ਦੋਨੋਂ ਹੀ ਫਲੈਂਕ ਜੀ ਪਹਾੜ ਆਂਵਦੇ। ਬੁਰਜ ਨੂੰ ਛਡ ਚਾਰ ਮੀਲ ਲੰਘਦੇ। ਬਾਏਂ ਹਥ ਗਾਮ ਜੀ ਮਸੂਲ ਮੰਗਦੇ। ਭਜਕੇ ਤਾਂ ਗਾਮ ਵਿਚੋਂ ਆਇਆ ਪਾਸਜੀ। ਦਿਤਾ ਸੀ ਜਵਾਬ ਟੁਟ ਗਏ ਹਰਾਸਜੀ। ਮੁੜਕੇ ਸੀ ਗਾਮ ਦੇ ਜੀ ਵਿਚ ਜਾਂਵਦਾ। ਸਾਥੀਆਂ ਨੂੰ ਹਾਲ ਬੀਤਿਆ ਸੁਨਾਂਵਦਾ। ਫੌਜ ਅੰਗਰੇਜੀ ਨਾ ਮਸੂਲ ਮੰਨਦੀ। ਜੋਰੋ ਵਰੀ ਸਾਥੋਂ ਫੇਰ ਜਾਵੇ ਲੰਗਦੀ। ਕਰ ਡਿਸਮੌਂਟ ਕਰਨੈਲ ਆਖਦਾ। ਸਬ ਦਿਓ ਦਾਣਾ ਖਤਰਾ ਨਹੀਂ ਜਾਪਦਾ। ਫੇਰ ਖੋਲ ਤੋਬਰੇ ਦਾਣਾ ਝੜਾਂਵਦੇ। ਬੈਠਕੇ ਜਵਾਨ ਸਬ ਖਾਣਾ ਖਾਂਵਦੇ। ਫੇਰ ਹੋਏ ਮੌਂਟ ਏਥੋਂ ਤੁਰ ਜਾਂਵਦੇ। ਖਾਨਿ ਜੰਨਿ-ਆਂਣ ਰਾਤ ਜੀ ਲਗਾਂਵਦੇ। ਖਾਂਨਿ ਜਿਨਿਆਂਣ ਲਭਾ ਪਾਣੀ

ਆਂਣਕੇ। ਸੌਂਗੇ ਜਵਾਨ ਤਰਪਾਲ ਤਾਂਣਕੇ। ਉਨਤੀ ਜੀ ਤਰੀਕ ਏਥੋਂ ਫੇਰ ਚਲਦੇ। ਦਸਤੇ ਅਰਜੂੰਨ ਜੀ ਪੜਾਂ ਮਲਦੇ। ਤੀਸਜੀ ਤਰੀਕ ਨੂੰ ਮੁਕਾਮ ਕਰਨਾ। ਸਾਰਿਆਂ ਜਵਾਨ ਗਾਂਮ ਵਿਚ ਵੜਨਾ। ਪਹਿਲੇ ਵੀ ਜਵਾਨ ਗਾਂਮ ਵਿਚ ਏਸਦੇ। ਬ੍ਰਸਦਾ ਸੀ ਪਾਣੀ ਬੈਠੇ ਅਗ ਸੇਕਦੇ। ਬਰਵਡ ਮੇਜਰ ਸੀ ਤਾਰ ਪਾਂਵਦਾ। ਸੰਤਾਸਿੰਘ ਹਾਲ ਅਗੇ ਦਾ ਸੁਨਾਂਵਦਾ॥

ਦੋਹਿਰਾ॥ ਮੇਜਰ ਬਰਵਡ ਸਾਹਿਬ ਨੇ ਲਿਖਿਆ ਸਾਰਾ ਹਾਲ। ਕੌਂਸਲ ਸਾਬ ਹਕੀਮ ਹੈ ਦੋਨੋਂ ਆਂਦੇ ਕਾਲ॥

ਦੋਹਿਰਾ॥ ਗੋਲੀ ਲਗੀ ਸਾਹਿਬ ਨੂੰ ਵਿਚ ਰਾਂਦ ਦੇ ਆਂਣ। ਜਾਕਦਾਰ ਬੀ ਸਾਥ ਹੈ ਜਖਮੀ ਲਿਓ ਜਾਂਣ॥

ਪਹਿਲੀ ਜਨਵਰੀ ਕਰਨੈਲ ਸਾਹਿਬ ਨੇ ਬੁਰਜ ਪਾਸ ਪਿਕਟ ਲਗਾਣੇ ਤਾਂ ਮੇਜਰ ਬਰਵਡ ਨੇ ਕਾਜਰੂੰਨ ਸੇਮਾਰਚ ਕਰਨਾ ਤਾਂ ਰਸਤੇ ਮੇਂ ਮੁਲਾਕਾਤ ਹੋਣੀ ਤਾਂ ਮੀਆਂ ਕੋਤਲ ਰਟੇਰ ਕਰਕੇ ਆ ਜਾਣਾ.

ਕੋਰੜਾ ਛੰਦ॥ ਬਾਰ ਬਾਰ ਹਾਲ ਜੀਮੈਂ ਕੀ ਸੁਨਾਂਵਦਾ। ਅਕਤੀ ਨੂੰ ਜਰੂਰ ਕੂਚ ਹੋ ਜਾਂਵਦਾ। ਮੀਆਂ ਜੀ ਕੋਤਲ ਸ਼ਾਮ ਨੂੰ ਜੀ ਜਾਵਣਾ। ਏਸ ਜਗਾ ਹਾਲ ਮੈਂ ਥੋੜਾ ਸੁਨਾਵਣਾ। ਪਹਿਲੀ ਜਨਵਰੀ ਨੂੰ ਜੀ ਕੂਚ ਕਰਨਾ ਘੋੜਾ ਟਟੂ ਕੋਈ ਨਹੀਂ ਸਾਥ ਖੜਨਾ। ਦਸ ਦਸ ਛਡੇ ਖਾਂ ਜੁਵਾਨ ਆਪ ਜੀ। ਬਾਕੀ ਦੇ ਜੁਵਾਨ ਸਬ ਲਿਓ ਸਾਥ ਜੀ। ਅਠ ਸੌਲ ਪੈਦਲ ਸਬੀ ਲਿਜਾਵਣੇ। ਬੁਰਜ ਪਾਸ ਜਾਕੇ ਪਿਕਟ ਲਗਾਵਣੇ। ਸੁਬੇ ਛੇ ਵਜੇ ਫੇਰ ਲੈ ਤੁਰ ਜੀ। ਭਾਈ ਬੰਦ

ਛੜੇ ਘੋੜਿਆਂ ਦੇ ਕੋਲ ਜੀ। ਪੁਛੇ ਕਰਨੈਲ ਦਸੋ ਕੰਮ ਹੋਰ ਜੀ। ਵਲ ਕਾਜਰੂੰਨ ਤਾਰ ਦਿਓ ਤੋਰ ਜੀ। ਬਰਵੜ ਸਾਹਿਬ ਕਾਜਰੂੰਨੋਂ ਚਲਦਾ। ਅਗੇ ਤਾਂ ਸਕੌਟ ਜੀ ਜਰੂਰ ਘਲਦਾ। ਪੈਦਲ ਜੁਵਾਨ ਸਭ ਪਹੁੰਚ ਜਾਂਵਦੇ। ਬੁਰਜ ਦੇ ਪਾਸ ਪਿਕਟ ਲਗਾਂਵਦੇ। ਦੋਨੋਂਈ ਸਕੌਡਨ ਸੀ ਚਲੇ ਆਂਵਦੇ। ਨਦੀ ਵਿਚੋਂ ਪਾਣੀ ਆਣਕੇ ਪਲਾਂਵਦੇ। ਕਾਜਰੂਨੋਂ ਟੇਕਰੀ ਦੇ ਪਾਸ ਆਂਵਦੇ। ਡਿਸਮੌਣ ਕਰ ਦਾਨਾ ਜੀ ਚਰਾਂਵਦੇ। ਸਿੰਗਲਰ ਸਾਹਿਬ ਝਟ ਜੀ ਬੁਲਾਂਵਦਾ। ਝੰਡੀ ਦਾ ਇਸ਼ਾਰਾ ਟੇਕਰੀ ਤੋਂ ਆਂਵਦਾ। ਝੰਡੀ ਵਲੋਂ ਪਿਪ ਪਿਪ ਦਿੰਦੇ ਆਪ ਜੀ। ਟੇਕਰੀ ਤੇ ਕੌਣ ਦਸਿਓ ਸ਼ਤਾਬ ਜੀ। ਅਗੇ ਸੇ ਜਵਾਬ ਝੰਡੀ ਵਾਲੇ ਭੇਜਦੇ। ਸੂਭੇ ਦੇ ਧੁਹਡੇ ਵਲ ਰਹੇ ਵੇਖਦੇ। ਉਤੇ ਜੋ ਪਹਾੜ ਦੇ ਜੁਵਾਨ ਜਾਪਦੇ। ਪਿਕਟ ਲਗਾਏ ਕਰਨੈਲ ਆਪਦੇ। ਸਾਹਿਬ ਨੂੰ ਸੁਨਾਓ ਤੁਸੀ ਬਾਤ ਜਾਇਕੇ। ਮਲੇਨੇ ਪਹਾੜ ਸੂਭੇ ਅਸਾਂ ਆਇਕੇ। ਸਾਂਬ ਕੇ ਸਮਾਨ ਤੁਸਾਂ ਜੀ ਲਿਆਵਣਾ। ਖਤਰਾ ਨਾ ਕੋਈ ਹੌਸਲੇ ਸੇ ਆਵਣਾ। ਸਾਰਾ ਜੀ ਸਮਾਨ ਆਂਦਾ ਨੇ ਝੜਾਇਕੇ। ਬਾਰਾਂ ਵਜੇ ਪਹੁੰਚੇ ਸਾਡੇ ਕੋਲ ਆਇਕੇ। ਸਾਹਿਬ ਸਰਦਾਰ ਮਿਲੇ ਫੇਰ ਹਸਕੇ। ਜੁਵਾਨਾਂ ਨੂੰ ਜੁਵਾਨ ਜਫੀ ਪੌਣ ਨਸਕੇ। ਕਰ ਮੁਲਾਕਾਤ ਫੇਰ ਤੁਰ ਜਾਂਵਦੇ। ਪੈਦਲ ਜੁਵਾਨ ਪਿਛੇ ਰਹਿ ਜਾਂਵਦੇ। ਵਿਡਟ ਬੁਲਾਏ ਝੰਡੀ ਸਾਥ ਆਪ ਜੀ। ਹੁੰਦਾ ਹੈ ਮਾਲੂਮ ਪੈ ਜਾਊ ਰਾਤ ਜੀ। ਫੇਰ ਲਬਾ ਮੀਂਹ ਕੋਟ ਭਿਜ ਜਾਂਵਦੇ। ਚਿਕੜ ਦੇ ਵਿਚ ਕਈ ਹਾਰ ਜਾਂਵਦੇ।

ਬੈਠ ਬੈਠ ਟੇਕਰੀ ਦੇ ਉਤੇ ਰੜਦੇ। ਅਗੇ ਆਈ ਰਾਤਦਿਲ ਫੇਰ ਡਰਦੇ। ਹਾਰ ਗਏ ਜੁਵਾਨ ਨਾਮ ਕੀ ਸੁਨਾਵਣਾ। ਸੈਤਾ ਸਿੰਘ ਅਠ ਵਜੇ ਪਹੁੰਚ ਜਾਵਣਾ॥ ਦੋਹਰਾ॥ ਮੀਆਂ ਕੋਤਲ ਮੇਂ ਆਇਕੇ ਕਰਦੇ ਫੇਰ ਅਰਮਾਨ। ਸਬ ਜੁਵਾਨਮੀ ਆਖਦੇ ਰਬ ਬਚਾਈ ਜਾਨ॥

ਮੀਆਂ ਕੋਤਲ ਦੀ ਸਰਾਂ ਵਿੱਚ ਆਕੇ ਜੁਵਾਨਾਂ ਨੇਦੂਸਰਿਆਂ ਜੁਵਾਨਾਂ ਨੂੰ ਦਸਣੀਆਂ।

ਕੋਰੜਾ ਛੰਦ॥ ਦਸੀਏ ਕੀ ਬਾਤ ਭਾਈ ਵੈਰ ਜੰਗਦੀ। ਤੋੜ ਦੇਵੇ ਹੜ ਗੋਲੀ ਜਾਇ ਲੰਗਦੀ। ਚਾਰੋਂ ਹੀ ਤਰਫ ਗੋਲੀ ਬਹੁਤ ਆਂਵਦੀ। ਰੋਕੇ ਸੀ ਪਹਾੜ ਪੇਸ਼ ਨਹੀਂ ਭਾਂਵਦੀ। ਹੁੰਦੀ ਨਾ ਮਾਸ਼ੀਨ ਬੁਰਾ ਹਾਲ ਹੋਂਵਦਾ। ਕੋੜਮਾਂ ਕਬੀਲਾ ਸਾਡਾ ਸਾਰਾ ਰੋਂਵਦਾ। ਜੁਗ ਜੁਗ ਜੀਵੇ ਪਾਲ ਸਿੰਘ ਆਖਦੇ। ਜਿਸਨੇ ਦਿਖਾਏ ਭਾਈ ਮੁਖ ਆਪਦੇ। ਜੋੜਕੇ ਮਸ਼ੀਨ ਪਾਲ ਸਿੰਘ ਰੋਕਦਾ। ਡਾਕੂਆਂ ਦੇ ਵਿੱਚ ਗੋਲੀਆਂ ਸੀ ਠੋਕਦਾ। ਕੌਸਲ ਗੁਵਾਚਾ ਡਾਕਦਾਰ ਸਾਥ ਜੀ। ਹੋਰ ਤਾਂ ਹੁਵਾਲ ਸੁਣ ਲਿਓ ਆਪ ਜੀ। ਅਨੋਖਸਿੰਘ ਰਿਹਾ ਕੰਮ ਬਹੁਤ ਕਰਦਾ। ਸੂਰਮਾਂ ਦਲੇਰ ਦਿਲੋਂ ਨਹੀਂ ਡਰਦਾ। ਕੌਸਲ ਨੂੰ ਲੈ ਗਏ ਈਰਾਨੀ ਚਕਕੇ। ਕੀਤਾ ਨੇ ਅਲਾਜ ਗਾਂਮ ਵਿਚ ਰਖਕੇ। ਸਾਥ ਚਕ ਡਾਕਦਾਰ ਨੂੰ ਲਜਾਂਵਦੇ। ਖਾਣਾ ਓਨੂੰ ਜਾਕੇ ਆਪਣਾ ਖਣਾਂਵਦੇ। ਜਾਤ ਦਾ ਸੀ ਬਾਮਣ ਮੈਂ ਦਿਆਂ ਦਸ ਜੀ। ਤੁਰਕਾਂ ਦਾ ਖਾਵੇ ਕੁਛ ਨਹੀਂ ਵਸ ਜੀ। ਜਾਤ ਦੇਵੇ ਦਸ ਤੁਰਕ ਦੇਣ ਮਾਰਜੀ। ਅਲਾ ਪਾਕ

ਆਖਕਰਦਾ ਪੁਕਾਰ ਜੀ। ਡਾਕਦਾਰ ਪਿਆ ਮਸਲੇ ਸੁਨਾਂ ਵੰਦਾ।ਹਾਰ ਇਕ ਤੁਰਕ ਸੀ ਪਾਸ ਆਂਵਦਾ। ਪੁਛਦੇ ਹੁਰਾਂ ਨਦੀਆਂ ਬਾਤਾ ਆਂਣਕੇ। ਕਰਦੇ ਤੁਵਾਜਿਆ ਬਿਮਾਰ ਜਾਂਣਕੇ। ਪ੍ਰੀਤਮ ਦੇ ਕਪੜੇ ਲੈ ਉਤਾਰ ਜੀ। ਖੋਹ ਲਿਆ ਸਾਮਾਨ ਧਕੇ ਮਾਰੇ ਚਾਰਜੀ। ਆਇਕੇ ਈਰਾਂਨੀ ਜੀ ਖਵਰ ਕਰਦੇ। ਪਾਰਟੀ ਲਿਔਂਣ ਨੂੰ ਤਿਆਰ ਕਰਦੇ। ਬੋਲਦੇ ਈਰਾਂਨੀ ਨਾ ਵਕਤ ਜਾਂਣਦਾ। ਸਾਡੇ ਹੈ ਸਿਆਣਾਂ ਜੀ ਦੁਵਾਈ ਜਾਂਣਦਾ। ਜਖਮਾਂ ਨੂੰ ਸਾਫ ਕਰ ਬੰਨੇ ਪਟੀਆਂ। ਦੁਵਾਈ ਸੇ ਲਪੇਟ ਵਿਚ ਦਿੰਦਾ ਵਟੀਆਂ। ਕਜਾਵੇ ਵਿਚ ਵਿਚ ਪਾਕੇ ਮੁਡੇ ਜੀ ਲਿਆਂਵਦੇ। ਪੰਜ ਰੋਜ ਅਸਾਂ ਤਕਲੀਫ ਪਾਈ ਸੀ। ਸਾਰੀ ਬਾਤ ਸੰਤਾ ਸੁਨਾਈ ਸੀ. ਦੋਹਰਾ ॥ ਇਹ ਹਾਲਸੀ ਦਸਿਆ ਫੇਰ ਜੁਵਾਨਾਂ ਆਣ। ਵਲ ਸ਼ੀਰਾਜ ਦੇ ਚਲਦਾਂ ਮੀਆਂ ਕੋਤਲ ਸੇ ਜਾਂਨ ॥

ਮੀਆਂ ਕੋਤਲ ਸੇ ਪੰਜ ਜਨਵਰੀ ਨੂੰ ਸ਼ੀਰਾਜ਼ ਜਾਣਾਂ
ਤਾਂ ਥੋੜੇ ਰੋਜ਼ ਅਰਮਾਨ ਕਰਨਾ ਸ਼ੀਰਾਜ਼ ਦੇ ਵਿਚ
ਤਾਂ ਨਕਸ਼ਾਂ ਬਨਾਨਾ ਜਿਸ ਜਗਾ ਰਹਿੰਦੇ ਜਾਂ ਸ਼ੀਰਾਜ਼

ਕੋਰੜਾ ਛੰਦ ॥ ਰੋਜ ਰੋਜ ਪਾਣੀ ਸਾਨੂੰ ਤੰਗ ਕਰਦਾ। ਗਿਰਦੀ ਬਰਫ ਸਾਥ ਮੀਂਹ ਵਰਦਾ। ਪੜਾ ਜੀ ਪੜਾ ਸਾਂ ਸੀਰਾਜ਼ ਅਪੜੇ। ਪਾਣੀ ਸਾਥ ਰਸਤੇ ਮੇਂ ਭਿਜੇ ਕਪੜੇ। ਜੋਰ ਸਾਥ ਆਵੇ ਮੂੰਹ ਦੇਵੇ ਫੇਰ ਜੀ। ਉਪਰ ਪਹਾੜ ਬਰਫਾਂ ਦੇ ਢੇਰ ਜੀ। ਪੰਜ ਜਨਵਰੀ ਸਾ ਸੀਰਾਜ਼ ਆਂਵਦੇ। ਦੋਸਤਾਂ

ਨੂੰ ਹਾਲ ਏਸਦਾ ਸੁਣਾਂਵਦੇ। ਬਰਸਦਾ ਸੀ ਮੀਂਹ ਰੋਜ਼ ਠੰਢ ਲਗਦੀ। ਅਗੇ ਦਰਵਾਜ਼ੇ ਦੇ ਸੀ ਨਦੀ ਵਗਦੀ।ਇਕਇਕ ਫੁਟ ਸੀ ਬਰਫ ਚੜ੍ਹਦੀ। ਠੰਢ ਹੈ ਮੁਲਕ ਪਵੇ ਬਹੁਤ ਸਰਦੀ। ਹਟੀ ਬਰਸਾਤ ਬਾਗਾਂ ਵਿਚ ਜਾਂਵਦੇ। ਸਹਿਰ ਤਾਂ ਸੀਰਾਜ਼ ਦੇਖਣੇ ਨੂੰ ਧਾਂਵਦੇ। ਚਾਰ ਪੰਜ ਮਿਲਕੇ ਜਰੂਰ ਜਾਂਵਦੇ। ਖੇਤੀਆਂਦੇ ਵਿਚ ਘੋੜੇ ਨਾ ਭਜਾਂਵਦੇ। ਏਸੇ ਤਰਾਂ ਕੰਮ ਰੋਜ਼ ਸ਼ੁਰੂ ਕਰਤਾ। ਸ਼ਹਿਰ ਵਿਚ ਜਾਣ ਦਾ ਹੁਕਮ ਕਰਤਾਂ। ਥੀ ਤਾਂ ਸਕੌਂਡਨ ਟਲਾਈ ਜਾਂਵਦਾ। ਅਠ ਮੀਲ ਤਕ ਮੇਜਰ ਲਜਾਂਵਦਾ।ਛਡਕੇ ਸੀਰਾਜ਼ ਅਠ ਮੀਲਜਾਂਵਦੇ। ਇਕ ਗਾਮ ਵਿਚੋਂ ਗੋਲੀਆਂ ਚਲਾਂਵਦੇ। ਮਖਨਸਿੰਘ ਨੈਪ ਸੀ ਜਬਾਨ ਜਾਣਦਾ।ਘੋੜੇ ਨੂੰ ਭਜਾ ਸਾਹਿਬ ਪਾਸ ਜਾਂਵਦਾ। ਗਾਮ ਵਿਚੋਂ ਏਤਨੇ ਕਿਉਂ ਆਏ ਲੋਕ ਜੀ। ਕੈਟਵਲ ਕਹੇ ਸਬ ਦਿਓ ਰੋਕ ਜੀ। ਉਦੇ ਤਾਂ ਪਹਾੜ ਉਤੇ ਚੜ੍ਹ ਜਾਂਵਦਾ। ਟੇਕਰੀ ਤੇ ਫੇਰ ਜਾ ਕੇ ਰੌਲਾ ਪਾਂਵਦਾ। ਮਾਰ ਵਾਜ ਫੇਰ ਕੀਤੀ ਗੋਲੀ ਬੰਦ ਜੀ। ਦੇਖਕੇ ਹੁਵਾਲ ਹੋਏ ਬਹੁਤ ਦੰਗ ਜੀ। ਭਰ ਮੇਗਜ਼ੀਨ ਗਏ ਜੁਵਾਨ ਲੇਟ ਜੀ। ਗਾਮ ਦੇ ਤਮਾਮ ਲੋਕ ਰਹੇ ਵੇਖ ਜੀ। ਗਾਮ ਸਾਰਾ ਆ ਕੇ ਕਸਮ ਚਕਦਾ। ਸਾਬ ਅੰਗ੍ਰੇਜ਼ਾਂ ਕੌਣ ਲੜ ਸਕਦਾ। ਸੀਟੀ ਦੀ ਅਵਾਜ ਸਬ ਨੂੰ ਸੁਨਾਂਵਦਾ। ਸਕੌਂਡਰਨ ਤਮਾਮ ਆਪਣੇ ਬੁਲਾਂਵਦਾ। ਫੇਰ ਕਰਮੌਟ ਜੀ ਰਟੈਰ ਕਰਦਾ। ਵਲ ਜੀ ਸੀਰਾਜ਼ ਦੇ ਧਿਆਨ ਧਰਦਾ॥

॥ ਦੋਹਰਾ ॥ ਦਸਾਂ ਹਾਲ ਸ਼ੀਰਾਜ਼ ਦਾ ਸੁਣ ਲੋ ਮਨ

ਚਿਤ ਲਾਏ। ਅਖੀ ਜੋ ਮੈਂ ਦੇਖਿਆ ਸਾਰਾ ਦਿਊਂ ਸੁਨਾਏ।

॥ ਕਬਿਤ ॥ ਬਜ਼ਾਰ ਵਿਚ ਆਇਆ ਦਿਲ ਮੇਰਾ ਘਬਰਾਇਆ ਰੌਲਾ ਤੁਰਕਾਂ ਮਚਾਇਆ ਹਿੰਦੀ ਹਿੰਦੀ ਨੇ ਪੁਕਾਰਦੇ। ਮੈਂ ਵਾਂਗ ਅੰਣਜਾਂਣ ਜਾਂਨ ਮੂਲ ਨਾ ਜੁਬਾਨ ਫੇਰ ਖੜਾ ਹੂਆ ਆਂਣ ਦੂਰੋਂ ਦੇਖ ਲਲਕਾਰਦੇ। ਮੈਨੂੰ ਪੁਛਦੇਸੀ ਆਂਣ ਖੜੇ ਬੁਢਜੇ ਜੁਵਾਨ ਕਈ ਬਾਲਕ ਨਦਾਂਨ ਫੇਰ ਦੇਖ ਠਠਾ ਮਾਰਦੇ। ਸਿਤਾ ਸਿੰਘ ਫੇਰ ਆਇਆ ਹਾਲ ਬੀਤਿਆ ਸੁਨਾਇਆ ਜੋ ਸ਼ੀਰਾਜ਼ ਦੇਖ ਆਇਆ ਯਾਰ ਰੋਜ ਨੇ ਦਿਤਾਰਦੇ।

ਹਾਲ ਸ਼ਹਿਰ ਸ਼ੀਰਾਜ਼ ਦਾ॥ ਕੋਰੜਾ ਛੰਦ॥ ਦੇਖਿਆ ਜੋ ਵਿਚ ਮੈਂ ਸ਼ੀਰਾਜ਼ ਜਾਇਕੇ। ਦਸਦਾ ਹਾਂ ਹਾਲ ਸਾਰਾ ਜੀ ਬਨਾਇਕੇ। ਖਸਮਾਂ ਥੋਂ ਮੁਖ ਔਰਤਾਂ ਛਿਪਾਂਦੀਆਂ। ਕਾਲਾ ਲੈ ਲਬਾਸ ਜੀ ਬਜ਼ਾਰ ਜਾਂਦੀਆਂ। ਕੋਈ ਨਾ ਪਛਾਨੇ ਤਾਂ ਲਬਾਸ ਇਕ ਜੀ। ਸਿਰ ਪੈਰ ਸਬ ਆਪਨਾ ਛਿਪਾਂਦੀਆਂ। ਮਾਲਕਾਂ ਥੋਂ ਚੁਪ ਕਰ ਲੰਗ ਜਾਂਦੀਆਂ। ਵੇਖਿਆ ਹੁਵਾਲ ਫੇਰ ਹੋਰ ਜਾਇਕੇ। ਦੋਸਤਾਂ ਦੇ ਸਾਥ ਜੀ ਸ਼ਿੰਗਾਰ ਲਾਇਕੇ। ਮਾਲਕ ਦੁਕਾਂਨ ਨਾਰ ਵਿਚ ਬਾਗ ਦੇ। ਔਰਤ ਬੇਸ਼ਕ ਦਾਗੀਆਂ ਨੂੰ ਦਾਗਦੇ। ਦੇਖਲਿਆ ਜਾਇਕੇ ਸ਼ੀਰਾਜ਼ ਸ਼ਹਿਰ ਜੀ। ਘਰ ਘਰ ਨਹਿਰ ਦੀਆਂ ਖੂਬ ਲਹਿਰ ਜੀ। ਵੇੜ੍ਹਿਆਂ ਦੇ ਵਿਚ ਹੌਦ ਜੀ ਬਨਾਕੇ ਨੇ। ਘਰ ਵਿਚ ਖੂਬ ਜੀ ਬਗੀਚੇ ਲਾਏ ਨੇ। ਸ਼ੇਖ ਸਾਦੀ ਦੀ ਵੀ ਲਈ ਕਬਰ ਦੇਖ ਜੀ। ਵਗਦਾ ਸੀ ਪਾਣੀ ਤਾਂ ਕਬਰ ਹੇਠ ਜੀ। ਪਾਂਵਦੇ ਨੇ ਸੁਖ ਦੁਖੀ ਲੋਕ

ਨਹਾਇਕੇ। ਦੇਖ ਲਏ ਅਖੀਂ ਆਪਨੀ ਮੈਂ ਜਾਇਕੇ। ਕਿਸ ਮਿਸ ਸੌਂਫ ਦੀ ਸ਼ਰਾਬ ਕਢਦੇ। ਜਾਈਏ ਜੇ ਬਜ਼ਾਰ ਬਾਹੋਂ ਫੜ ਡਕਦੇ। ਫੜਕੇ ਤਾਂ ਤੁਮਾਮ ਘਰ ਲੈ ਜਾਂਦਜੀ। ਔਰਤਾਂ ਉਦਾਲੇ ਫੇਰ ਫਿਰ ਜਾਂਦ ਜੀ। ਕਰਦੇ ਨੇ ਬਾਤਾਂ ਘਰਦੇ ਤੁਮਾਮ ਜੀ। ਫ਼ਾਰਸੀ ਸੇ ਬੋਲ ਪੁਛਦੇ ਨੇ ਨਾਮ ਜੀ। ਕੈਸੇ ਅੰਗ੍ਰੇਜ਼ ਸਾਨੂੰ ਦਿਉ ਦਸ ਜੀ। ਮੁਲਖ ਤੁਮਾਰਾ ਕੈਸਾ ਰਿਹਾ ਵਸ ਜੀ। ਅਦਲ ਕਮੈਂਨ ਇਨਸਾਫ ਕਰਕੇ। ਡਾਕੂਆਂ ਦੇ ਸਾਥ ਸਭ ਜੇਹਲ ਭਰਦੇ। ਬਾਦਸ਼ਾਹ ਗਰੀਬ ਨੇ ਅਰਮਾਂਨ ਪਾਂਵਦੇ। ਜ਼ੁਲਮ ਨਾ ਕਿਸੇ ਸਾਥ ਜੀ ਕਮਾਂਵਦੇ। ਸੰਤਾ ਸਿੰਘ ਬੈਂਤ ਲਿਖਦੇ ਬਨਾਇਕੇ। ਜੇੜਾ ਹਾਲ ਅੱਖੀਂ ਦੇਖਿਆ ਸੀ ਜਾਇਆ॥

ਸ਼ੀਰਾਜ ਦੀਆਂ ਔਰਤਾਂ ਦਾ ਤੇ ਹੋਰ ਬਜ਼ਾਰ ਦਾ ਹਾਲ

ਬੈਂਤ॥ ਵਿਚ ਸ਼ਹਿਰ ਸ਼ੀਰਾਜ਼ ਦੇ ਔਰਤਾਂ ਨੇ ਜਿਵੇਂ ਹਰਨੀਆਂ ਦੀ ਫਿਰੇ ਡਾਰ ਬੇਲੀ। ਸਾਰਾ ਦਿਨ ਬਾਜ਼ਾਰ ਵਿਚ ਭੌਂਦੀਆਂ ਨੇ ਘਰ ਵਿਚ ਨਾ ਕਰਦੀਆਂ ਕਾਰ ਬੇਲੀ। ਰੋਟੀ ਲੈ ਬਾਜ਼ਾਰ ਸੇ ਮੁਲ ਖਾਂਦੇ ਕਰਦਾ ਕੋਈ ਵੀ ਨਹੀਂ ਵਿਚਾਰ ਬੇਲੀ। ਫੇਰ ਦੇਖਿਆ ਸ਼ਹਿਰ ਸ਼ੀਰਾਜ ਜਾਕੇ ਲਮਾਂ ਸੋਹਣਾ ਖ਼ੂਬ ਬਾਜ਼ਾਰ ਬੇਲੀ। ਫੇਰ ਦੇਖਿਆ ਸ਼ਾਹ ਚਰਾਗ ਜਾਕੇ ਆਵੇ ਕਦਦਾ ਨਹੀਂ ਸ਼ੁਮਾਰ ਬੇਲੀ। ਦਿਲ ਦੇਖ ਮਸੀਤ ਅਨੰਦ ਹੂਆ ਫਿਰੇ ਔਰਤਾਂ ਦੀ ਜਿਥੇ ਡਾਰ ਬੇਲੀ। ਭਰੇ ਕਪੜੇ ਸਾਥ ਮਕਾਨ ਸਾਰੇ ਫੇਰ ਛਤਿ ਖ਼ੂਬ ਬਾਜ਼ਾਰ ਬੇਲੀ। ਬਹੁਤ ਕਪੜਾ ਹੈਗ ਬਿਰੰਗ ਦਾ ਜੀ

ਨਹੀਂ ਰੇਸ਼ਮ ਦਾ ਕੋਈ ਸ਼ੁਮਾਰ ਬੇਲੀ। ਝੂਠ ਬੋਲਦੇ ਬਹੁਤ ਸ਼ੀਰਾਜ ਅੰਦਰ ਕਈ ਵਾਰ ਮੈਂ ਲਿਆ ਵਿਚਾਰ ਬੇਲੀ। ਬਿਨਾ ਦਸਖਤੋਂ ਨੋਟ ਪਏ ਵਿਕਦੇ ਨੇ ਵਿਚ ਸ਼ਹਿਰ ਦੇ ਨਿਤ ਵਿਹਾਰ ਬੇਲੀ। ਨਹੀਂ ਜਾਤ ਸਫਾਤ ਤੇ ਦੀਨ ਦੂਜਾ ਇਕੋ ਮਜਬ ਨਾ ਕਰਨ ਵਿਚਾਰ ਬੇਲੀ। ਦੇਖ ਸ਼ਹਿਰ ਸੀਰਾਜ ਮੈਂ ਦੰਗ ਹੂਆ ਗਊ ਹਤਿਆ ਦੀ ਬੇੜੀ ਕਾਰ ਬੇਲੀ। ਸ਼ੇਖ ਸਾਦੀ ਦੀ ਕਬਰ ਹੈ ਬਹੁਤ ਸੁੰਦਰ ਸ਼ਹਿਰੋਂ ਮੈਲ ਤੂੰ ਦੋ ਵਿਚਾਰ ਬੇਲੀ। ਯਹੂਦੀ ਰੰਗ ਸੁਫੈਦ ਦੇ ਜਾਣ ਸਭੇ ਨਸ਼ਾ ਵੇਚਨੇ ਦੀ ਨਿਤ ਕਾਰ ਬੇਲੀ। ਸਭ ਬਾਗ ਬਗੀਚੇ ਦਾ ਸੈਰ ਕਰਦੇ ਸਾਥ ਔਰਤਾਂ ਜਾਣ ਸਿਧਾਰ ਬੇਲੀ। ਕਈ ਹੋਰ ਦੁਕਾਨਾਂ ਮੇਂ ਦੇਖੀਆਂ ਨੇ ਨਿਤ ਰੈਫਲਾਂ ਦੀ ਓਥੇ ਕਾਰ ਬੇਲੀ। ਕਾਫ਼ਰੂਸ ਬਾਜਾਰ ਵਿਚ ਵੇਚਦੇ ਨੇ ਕਰਦਾ ਕੋਈ ਵੀ ਨਾ ਇਨਕਾਰ ਬੇਲੀ। ਹਰ ਇਕ ਮਕਾਨ ਮੇਂ ਹੌਦ ਬਨਿਆ ਨਹਾਏ ਔਰਤਾਂ ਕਰਨ ਬਹਾਰ ਬੇਲੀ। ਨਹਿਰਾਂ ਖੂਬ ਬਹਾਰ ਸੇ ਚਲਦੀਆਂ ਨੇ ਘਰ ਘਰ ਮੇਂ ਫੇਰ ਵਿਚਾਰ ਬੇਲੀ। ਸੰਤਾ ਸਿੰਘ ਨੇ ਦਸਿਆ ਹਾਲ ਸਾਰਾ ਜੈਸੀ ਦੇਖ ਲਈ ਸ਼ਹਿਰ ਦੀ ਕਾਰ ਬੇਲੀ ॥

ਖੂਬਸੂਰਤੀ ਮੁਲਖ ਈਰਾਨ ਦੀ

ਕੋਰੜਾ ਛੰਦ ॥ ਮੁਲਖ ਈਰਾਨ ਦਾ ਸੁਣੋ ਹਵਾਲ ਜੀ। ਆਦਮੀ ਖਰਾਬ ਔਰਤਾਂ ਜੁਵਾਨ ਜੀ। ਫੁਲ ਜੋ ਗੁਲਾਬੀ ਜੈਸੇ ਲਗੇ ਡਾਲ ਨੂੰ। ਰੰਗ ਹੈ ਸੁਰਖ ਮਾਤ ਕਰੇ ਲਾਲ ਨੂੰ। ਸੋਚਕੇ ਜੁਵਾਨ ਦਿਲਮੇਂ ਵਿਚਾਰਦੇ। ਨੈਨ ਹੈਨ ਤਿਖੇ ਜਾਨੋਂ